ADVERTISE YOUR BUSINESS HERE
+91-9878-55-2070

ਨਾ ਰੁਕੇ, ਨਾ ਝੁਕੇ

# ਸਭ ਤੋਂ ਫਾਸਟ ਆਹਮੋ-ਸਾਹਮਣੇ

SABSE FAST AAMNE SAAMNE

Rni No Punpun 2015/60599
15 - 21 November 2025

ADVERTISE YOUR BUSINESS HERE
+91-9878-55-2070

ਸਾਲ 2025 / ਸੰਪਾਦਕ : ਐੱਸ. ਕੇ. ਸਕਸੈਨਾ / ਈ-ਮੇਲ : editoraamnesaamne@gmail.com/ ਮੋਬਾਈਲ : 9878552070, 9780802013

## ਫਰਜ਼ ਨਹੀਂ ਛੱਡ ਸਕਦਾ, ਮੇਰਾ ਅਤੀਤ ਇਸ ਦਾ ਸਬੂਤ ਹੈ : ਧਨਖੜ

ਨਵੀਂ ਦਿੱਲੀ (ਏਜੰਸੀ)-ਸਾਬਕਾ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਕਿਹਾ ਹੈ ਕਿ ਉਹ ਫਰਜ਼ ਨੂੰ ਬਾਕੀ ਚੀਜ਼ਾਂ ਤੋਂ ਉੱਪਰ ਰੱਖਦੇ ਹਨ ਅਤੇ ਉਨ੍ਹਾਂ ਦਾ ਹਾਲੀਆ ਅਤੀਤ ਇਸ ਦਾ ਸਬੂਤ ਹੈ। ਧਨਖੜ, ਜਿਨ੍ਹਾਂ ਨੇ ਚਾਰ ਮਹੀਨੇ ਪਹਿਲਾਂ ਸਿਹਤ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਆਪਣੇ ਅਹੁਦੇ ਤੋਂ ਅਸਤੀਫਾ ਦੇ ਕੇ ਦੇਸ਼ ਨੂੰ ਹੈਰਾਨ ਕਰ ਦਿੱਤਾ ਸੀ, ਨੇ ਸ਼ੁੱਕਰਵਾਰ ਨੂੰ ਇੱਥੇ ਸੀਨੀਅਰ ਆਰਐੱਸਐੱਸ ਕਾਰਜਕਰਤਾ ਮਨਮੋਹਨ ਵੈਦਿਆ ਵੱਲੋਂ ਲਿਖੀ ਇੱਕ ਕਿਤਾਬ ਦੇ ਰਿਲੀਜ਼ ਮੌਕੇ ਅਸਤੀਫ਼ੇ ਤੋਂ ਬਾਅਦ ਆਪਣਾ ਪਹਿਲਾ ਜਨਤਕ ਭਾਸ਼ਣ ਦਿੱਤਾ। ਭਾਸ਼ਣ ਦੌਰਾਨ – ਜਿੱਥੇ ਉਨ੍ਹਾਂ ਨੇ ਰਾਸ਼ਟਰੀ ਸਵੈਮ ਸੇਵਕ ਸੰਘ (RSS) ਦੇ ਫਲਸਫੇ ਅਤੇ ਦ੍ਰਿਸ਼ਟੀਕੋਣ ਦੀ ਪ੍ਰਸ਼ੰਸਾ ਕੀਤੀ – ਇੱਕ ਵਿਅਕਤੀ ਉਨ੍ਹਾਂ ਕੋਲ ਆਇਆ, ਜ਼ਾਹਰ ਤੌਰ 'ਤੇ ਉਨ੍ਹਾਂ ਨੂੰ ਯਾਦ ਦਿਵਾਉਣ ਲਈ ਕਿ ਉਨ੍ਹਾਂ ਨੂੰ ਸ਼ਾਮ 7.30 ਵਜੇ ਦਿੱਲੀ ਵਾਪਸ ਜਾਣ ਵਾਲੀ ਫਲਾਈਟ ਫੜਨੀ ਹੈ। ਸਾਬਕਾ ਉਪ ਰਾਸ਼ਟਰਪਤੀ ਨੇ ਫਿਰ ਦਰਸ਼ਕਾਂ ਨੂੰ ਸੂਚਿਤ ਕੀਤਾ ਕਿ ਉਨ੍ਹਾਂ ਨੇ ਇੱਕ ਫਲਾਈਟ ਫੜਨੀ ਹੈ ਅਤੇ ਰਹੱਸਮਈ ਢੰਗ ਨਾਲ ਕਿਹਾ, "ਮੈਂ ਜਹਾਜ਼ ਫੜਨ ਲਈ ਆਪਣਾ ਫਰਜ਼ ਨਹੀਂ ਛੱਡ ਸਕਦਾ ਅਤੇ ਦੋਸਤੋ, ਮੇਰਾ ਹਾਲੀਆ ਅਤੀਤ ਇਸ ਦਾ ਸਬੂਤ ਹੈ।" ਇਸ ਟਿੱਪਣੀ 'ਤੇ ਦਰਸ਼ਕਾਂ ਵਿੱਚ ਖੂਬ ਹਾਸਾ ਗੂੰਜਿਆ।

# ਚੋਣ ਕਮਿਸ਼ਨ SIR ਵਿਰੁੱਧ ਚੁੱਕੇ ਗਏ ਇਤਰਾਜ਼ਾਂ ਨੂੰ ਹੱਲ ਕਰੇ; ਸਬੂਤ ਨਾ ਮੰਗੇ: ਮਾਨ

## ਕਿਹਾ, ਜਵਾਬ ਦੇਣਾ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ

ਚੰਡੀਗੜ੍ਹ (ਏਜੰਸੀ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਾਅਵਾ ਕੀਤਾ ਕਿ ਵੋਟਰ ਸੂਚੀ ਦੀ ਵਿਸ਼ੇਸ਼ ਤੀਬਰ ਸੋਧ (Special Intensive Revision ) ਵਿਰੁੱਧ ਦੇਸ਼ ਭਰ ਵਿੱਚ ਇਤਰਾਜ਼ ਚੁੱਕੇ ਗਏ ਹਨ ਅਤੇ ਚੋਣ ਕਮਿਸ਼ਨ (53) ਨੂੰ ਉਨ੍ਹਾਂ ਨੂੰ ਹੱਲ ਕਰਨ ਦੀ ਅਪੀਲ ਕੀਤੀ।

SIR ਮੁੱਦੇ ਬਾਰੇ ਪੁੱਛੇ ਜਾਣ 'ਤੇ ਮਾਨ ਨੇ ਕਿਹਾ, " ਦੇਸ਼ ਭਰ ਵਿੱਚ ਇਤਰਾਜ਼ ਚੁੱਕੇ ਗਏ ਹਨ... ਚੋਣ ਕਮਿਸ਼ਨ ਨੂੰ ਇਨ੍ਹਾਂ ਮੁੱਦਿਆਂ ਦਾ ਜਵਾਬ ਦੇਣਾ ਚਾਹੀਦਾ ਹੈ।

ਮਾਨ ਨੇ ਸਵਾਲ ਕੀਤਾ, " ਭਾਰਤੀ ਚੋਣ ਕਮਿਸ਼ਨ ਸਬੂਤ ਮੰਗ ਰਿਹਾ ਹੈ। ਜੇਕਰ ਇਤਰਾਜ਼ ਚੁੱਕੇ ਗਏ ਹਨ, ਤਾਂ ਜਵਾਬ ਦੇਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਉਹ ਸਬੂਤ ਕਿਉਂ ਮੰਗ ਰਹੇ ਹਨ ? ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਵੱਲੋਂ ਜੰਗਲੀ ਜੀਵਾਂ ਅਤੇ ਜਲ-ਭਰਾਅ ਕਾਰਨ ਫਸਲਾਂ ਦੇ ਹੋਏ ਨੁਕਸਾਨ ਨੂੰ PM ਫ਼ਸਲ ਬੀਮਾ ਯੋਜਨਾ ਤਹਿਤ ਸ਼ਾਮਲ ਕਰਨ ਦੇ ਐਲਾਨ 'ਤੇ ਮਾਨ ਨੇ ਕਿਹਾ, " ਫ਼ਸਲ



ਬੀਮਾ ਯੋਜਨਾ ਦਾ ਪ੍ਰਬੰਧਨ ਨਿੱਜੀ ਕੰਪਨੀਆਂ ਦੁਆਰਾ ਕੀਤਾ ਜਾਂਦਾ ਹੈ। ਰਿਕਾਰਡ ਚੈੱਕ ਕਰੋ ਕਿ ਕਿਸਾਨਾਂ ਨੂੰ ਕਿੰਨਾ ਮੁਆਵਜ਼ਾ ਦਿੱਤਾ ਗਿਆ ਹੈ। ਉਨ੍ਹਾਂ ਨੇ ਹੜ੍ਹ ਰਾਹਤ ਲਈ ਐਲਾਨੇ ਗਏ 1,600 ਕਰੋੜ ਰੁਪਏ ਦੇ ਪੈਕੇਜ ਬਾਰੇ ਵੀ ਕੇਂਦਰ 'ਤੇ ਸਵਾਲ ਚੁੱਕਿਆ, " ਉਹ ਇਸ ਨੂੰ 'ਟੋਕਨ ਮਨੀ' ਕਹਿੰਦੇ ਸਨ ਅਤੇ ਹੋਰ ਦੇਣ ਦਾ ਵਾਅਦਾ ਕਰਦੇ ਸ ਪਰ ਉਨ੍ਹਾਂ ਨੂੰ ਪਹਿਲਾਂ ਇਹ ਟੋਕਨ ਰਕਮ ਵੰਡਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ 12 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ 1933 ਅਹੁਦੇਦਾਰਾਂ ਨਾਲ ਇੱਕ ਮੀਟਿੰਗ ਵਿੱਚ SIR ਪ੍ਰਕਿਰਿਆ 'ਤੇ ਸਵਾਲ ਚੁੱਕੇ, ਜਿੱਥੇ ਵੋਟਰ ਸੂਚੀਆਂ ਦੀ ਸੋਧ ਚੱਲ ਰਹੀ ਹੈ। ਮੀਟਿੰਗ ਦੌਰਾਨ, ਗਾਂਧੀ ਨੇ ਇਹ ਵੀ ਕਿਹਾ ਸੀ ਕਿ ਸਾਫ਼-ਸੁਥਰੀਆਂ ਵੋਟਰ ਸੂਚੀਆਂ ਪ੍ਰਦਾਨ ਕਰਨਾ ਚੋਣ ਕਮਿਸ਼ਨ ਦਾ ਫਰਜ਼ ਹੈ ਪਰ ਇਸ ਦੀ ਬਜਾਏ, ਉਹ ਜ਼ਿੰਮੇਵਾਰੀ ਸਿਆਸੀ ਪਾਰਟੀਆਂ 'ਤੇ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਦੱਸ ਦਈਏ ਕਿ SIR ਅਭਿਆਸ ਦਾ ਦੂਜਾ ਪੜਾਅ 4 ਨਵੰਬਰ ਨੂੰ ਸ਼ੁਰੂ ਹੋਇਆ ਅਤੇ 4 ਦਸੰਬਰ ਤੱਕ ਜਾਰੀ ਰਹੇਗਾ।

# ਭਾਰਤ ਨੇ ਚੀਨੀ ਨਾਗਰਿਕਾਂ ਲਈ ਟੂਰਿਸਟ ਵੀਜ਼ਾ ਸਹੂਲਤਾਂ ਦਾ ਕੀਤਾ ਵਿਸਥਾਰ

## ਭਾਰਤ ਅਤੇ ਚੀਨ ਨੇ ਸਬੰਧਾਂ ਨੂੰ ਸਥਿਰ ਕਰਨ 'ਤੇ ਸਹਿਮਤੀ ਪ੍ਰਗਟਾਈ

ਨਵੀਂ ਦਿੱਲੀ (ਏਜੰਸੀ)-ਪੂਰਬੀ ਲੱਦਾਖ ਵਿੱਚ ਫੌਜੀ ਟਕਰਾਅ ਦੇ ਹੱਲ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਮੁੜ ਬਣਾਉਣ ਲਈ ਯਤਨ ਤੇਜ਼ ਹੋਣ ਕਾਰਨ, ਚੀਨੀ ਨਾਗਰਿਕ ਹੁਣ ਦੁਨੀਆ ਭਰ ਵਿੱਚ ਭਾਰਤੀ ਮਿਸ਼ਨਾਂ ਅਤੇ ਕੌਂਸਲੇਟਾਂ ਰਾਹੀਂ ਭਾਰਤ ਲਈ ਟੂਰਿਸਟ ਵੀਜ਼ਾ ਲਈ ਅਰਜ਼ੀ ਦੇ ਸਕਣਗੇ। ਮਈ 2020 ਵਿੱਚ ਪੂਰਬੀ ਲੱਦਾਖ ਵਿੱਚ ਕੰਟਰੋਲ ਰੇਖਾ *13 ਦੇ ਨਾਲ ਫੌਜੀ ਟਕਰਾਅ ਸ਼ੁਰੂ ਹੋਣ ਤੋਂ ਬਾਅਦ ਚੀਨੀ ਨਾਗਰਿਕਾਂ ਨੂੰ ਵੀਜ਼ਾ ਜਾਰੀ ਕਰਨਾ ਮੁਅੱਤਲ ਕਰ ਦਿੱਤਾ ਗਿਆ ਸੀ। ਭਾਰਤ ਨੇ ਜੁਲਾਈ ਵਿੱਚ ਚੀਨੀ ਨਾਗਰਿਕਾਂ ਲਈ ਟੂਰਿਸਟ ਵੀਜ਼ਾ ਮੁੜ ਸ਼ੁਰੂ ਕੀਤਾ ਸੀ। ਮਾਮਲੇ ਤੋਂ ਜਾਣੂ ਲੋਕਾਂ ਨੇ ਦੱਸਿਆ ਕਿ ਇਸ ਹਫ਼ਤੇ ਦੀ ਸ਼ੁਰੂਆਤ ਵਿੱਚ ਦੁਨੀਆ ਭਰ ਦੀਆਂ ਭਾਰਤੀ ਅੰਬੈਸੀਆਂ ਅਤੇ ਕੌਂਸਲੇਟਾਂ ਵਿੱਚ ਚੀਨੀ ਨਾਗਰਿਕਾਂ ਲਈ ਟੂਰਿਸਟ ਵੀਜ਼ੇ ਖੋਲ੍ਹ ਦਿੱਤੇ ਗਏ। ਮੁੜ ਸ਼ੁਰੂਆਤ ਤੋਂ ਬਾਅਦ, ਅਰਜ਼ੀਆਂ ਭਾਰਤੀ ਦੂਤਾਵਾਸ ਬੀਜਿੰਗ ਅਤੇ ਸ਼ੰਘਾਈ, ਗੁਆਂਗਜ਼ੂ



ਅਤੇ ਹਾਂਗਕਾਂਗ ਵਿੱਚ ਕੌਂਸਲੇਟਾਂ ਵਿੱਚ ਪ੍ਰਾਪਤ ਹੋ ਰਹੀਆਂ ਸਨ। ਹਾਲ ਹੀ ਦੇ ਮਹੀਨਿਆਂ ਵਿੱਚ, ਭਾਰਤ ਅਤੇ ਚੀਨ ਨੇ ਸਬੰਧਾਂ ਨੂੰ ਸਥਿਰ ਕਰਨ ਅਤੇ ਮੁੜ ਬਣਾਉਣ ਲਈ ਕਈ ਲੋਕ-ਕੇਂਦ੍ਰਿਤ ਕਦਮਾਂ 'ਤੇ ਸਹਿਮਤੀ ਪ੍ਰਗਟਾਈ ਹੈ। ਇਨ੍ਹਾਂ ਵਿੱਚ ਕੈਲਾਸ਼ ਮਾਨਸਰੋਵਰ ਯਾਤਰਾ ਮੁੜ ਸ਼ੁਰੂ ਕਰਨਾ,ਸਿੱਧੀਆਂ ਉਡਾਣਾਂ ਦੀ ਮੁੜ ਸ਼ੁਰੂਆਤ (ਇਹ ਅਕਤੂਬਰ ਵਿੱਚ ਮੁੜ ਸ਼ੁਰੂ ਹੋਈਆਂ),ਕੂਟਨੀਤਕ ਸਬੰਧਾਂ ਦੀ 75ਵੀਂ ਵਰ੍ਹੇਗੰਢ ਮਨਾਉਣਾ,ਵੀਜ਼ਾ ਸਹੂਲਤਾਂ ਪ੍ਰਦਾਨ ਕਰਨਾ ਸ਼ਾਮਲ ਹਨ। ਇਹ ਕਦਮ ਦੋਵਾਂ ਦੇਸ਼ਾਂ ਦੇ ਨੇਤਾਵਾਂ ਦੇ ਮਾਰਗਦਰਸ਼ਨ ਅਨੁਸਾਰ, ਲੋਕਾਂ ਦੇ ਆਪਸੀ ਅਦਾਨ-ਪ੍ਰਦਾਨ (people-to-people exchanges) ਨੂੰ ਸੁਵਿਧਾਜਨਕ ਬਣਾਉਣ ਦੇ ਉਦੇਸ਼ ਨਾਲ ਚੁੱਕੇ ਗਏ ਹਨ।

# ਡਿਜੀਟਲ ਅਰੈਸਟ 'ਚ 31.83 ਕਰੋੜ ਗੁਆਏ

## 57 ਸਾਲਾ ਮਹਿਲਾ ਨਾਲ ਹੋਈ ਧੋਖਾਧੜੀ, ਸੀਬੀਆਈ ਅਧਿਕਾਰੀ ਬਣ ਕੇ ਬਣਾਇਆ ਸੀ ਸ਼ਿਕਾਰ

ਬੈਂਗਲੂਰੂ (ਏਜੰਸੀ)-ਇੱਥੋਂ ਦੀ 57 ਸਾਲਾ ਮਹਿਲਾ ਨੇ ਕਥਿਤ 'ਡਿਜੀਟਲ ਅਰੈਸਟ' ਘੁਟਾਲੇ 'ਚ 31.83 ਕਰੋੜ ਰੁਪਏ ਗੁਆ ਦਿੱਤੇ ਹਨ। ਇਸ ਸਬੰਧੀ ਕੇਸ ਦਰਜ ਕਰਕੇ ਜਾਂਚ ਕੀਤੀ ਜਾ ਰਹੀ ਹੈ। ਧੋਖੇਬਾਜ਼ਾਂ ਨੇ ਸੀ ਬੀ ਆਈ ਅਧਿਕਾਰੀ ਬਣ ਕੇ ਸਕਾਈਪ ਰਾਹੀਂ ਮਹਿਲਾ 'ਤੇ ਲਗਾਤਾਰ ਨਿਗਰਾਨੀ ਰੱਖ ਕੇ ਉਸ ਨੂੰ 'ਡਿਜੀਟਲ ਅਰੈਸਟ' ਦੀ ਸਥਿਤੀ ਵਿੱਚ ਰੱਖਿਆ ਤੇ ਉਸ ਦੇ ਡਰ ਦਾ ਫਾਇਦਾ ਚੁੱਕ ਕੇ ਉਸ ਤੋਂ ਸਾਰੀ ਵਿੱਤੀ ਜਾਣਕਾਰੀ ਪ੍ਰਾਪਤ ਕੀਤੀ ਤੇ 187 ਬੈਂਕ ਲੈਣ-ਦੇਣ ਲਈ ਦਬਾਅ ਬਣਾਇਆ। ਸ਼ਹਿਰ ਦੇ ਇੰਦਰਾਨਗਰ ਦੀ ਸਾਫਟਵੇਅਰ ਇੰਜਨੀਅਰ ਨੇ ਕਿਹਾ ਕਿ ਅਖੀਰ 'ਚ 'ਕਲੀਅਰੈਂਸ ਲੈਟਰ' ਮਿਲਣ ਤੱਕ ਠੱਗਾਂ ਨੇ ਉਸ ਨੂੰ ਛੇ ਮਹੀਨੇ ਤੋਂ ਵੱਧ ਸਮਾਂ 'ਡਿਜੀਟਲ ਅਰੈਸਟ' ਦੇ ਧੋਖੇ 'ਚ ਰੱਖਿਆ। ਉਸ ਨੇ ਦੱਸਿਆ ਕਿ ਇਹ ਸਭ ਕੁਝ 15 ਸਤੰਬਰ 2024 ਨੂੰ ਸ਼ੁਰੂ ਹੋਇਆ ਜਦੋਂ ਡੀ ਐੱਚ ਐੱਲ ਅੰਧੇਰੀ ਤੋਂ ਫੋਨ ਕਰਨ ਦਾ ਦਾਅਵਾ ਕਰਨ ਵਾਲੇ ਵਿਅਕਤੀ ਨੇ ਦੋਸ਼ ਲਾਇਆ ਕਿ ਉਸ ਦੇ ਨਾਂ 'ਤੇ ਬੁੱਕ ਪਾਰਸਲ 'ਚੋਂ ਕਰੈਡਿਟ ਕਾਰਡ, ਪਾਸਪੋਰਟ ਤੇ ਐੱਮ ਡੀ ਐੱਮ ਏ ਬਰਾਮਦ ਹੋਏ ਹਨ ਅਤੇ ਉਸ ਦੀ ਪਛਾਣ ਦੀ ਦੁਰਵਰਤੋਂ ਕੀਤੀ ਗਈ ਹੈ। ਇਸ ਤੋਂ ਪਹਿਲਾਂ ਕਿ ਉਹ ਜਵਾਬ ਦੇ ਸਕਦੀ,



ਸਬੰਧਤ ਵਿਅਕਤੀ ਨੇ ਕਾਲ ਸੀ ਬੀ ਆਈ ਅਫਸਰ ਬਣੇ ਲੋਕਾਂ ਕੋਲ ਤਬਦੀਲ ਕਰ ਦਿੱਤੀ। ਉਸ ਨੇ ਦੱਸਿਆ ਕਿ ਠੱਗਾਂ ਨੇ ਉਸ ਨੂੰ ਪੁਲੀਸ ਨਾਲ ਸੰਪਰਕ ਨਾ ਕਰਨ ਦੀ ਚਿਤਾਵਨੀ ਦਿੱਤੀ ਤੇ ਕਿਹਾ ਕਿ ਅਪਰਾਧੀ ਉਸ ਦੇ ਘਰ 'ਤੇ ਨਜ਼ਰ ਰੱਖ ਰਹੇ ਹਨ। ਉਹ ਡਰ ਕੇ ਚੁੱਪ ਰਹੀ। ਠੱਗਾਂ ਨੇ ਆਪਣੀ ਪਛਾਣ ਮੋਹਿਤ ਹਾਂਡਾ, ਰਾਹੁਲ ਯਾਦਵ ਤੇ ਪ੍ਰਦੀਪ ਸਿੰਘ ਵਜੋਂ ਦੱਸੀ ਜਿਨ੍ਹਾਂ ਉਸ ਨੂੰ ਡਿਜੀਟਲ ਅਰੈਸਟ ਰੱਖਿਆ। ਉਸ ਨੇ 24 ਸਤੰਬਰ ਤੋਂ 22 ਅਕਤੂਬਰ ਤੱਕ ਠੱਗਾਂ ਨੂੰ ਆਪਣੇ ਵਿੱਤੀ ਵੇਰਵੇ ਦਿੱਤੇ ਤੇ ਵੱਡੀ ਰਾਸ਼ੀ ਉਨ੍ਹਾਂ ਨੂੰ ਤਬਦੀਲ ਕੀਤੀ। ਪੀੜਤ ਨੇ ਦੱਸਿਆ ਕਿ ਠੱਗਾਂ ਨੇ ਮਾਰਚ 2025 ਤੱਕ ਉਸ ਦੀ ਨਿਗਰਾਨੀ ਕੀਤੀ ਤੇ 26 ਮਾਰਚ 2025 ਤੋਂ ਬਾਅਦ ਉਨ੍ਹਾਂ ਨਾਲ ਸਾਰੇ ਸੰਪਰਕ ਟੁੱਟ ਗਏ।

### ਡਿਜੀਟਲ ਗ੍ਰਿਫ਼ਤਾਰੀ ਮਾਮਲੇ 'ਚ 'ਸੁਪਰੀਮ' ਹੁਕਮ

ਸੁਪਰੀਮ ਕੋਰਟ ਨੇ ਵਿਲੱਖਣ ਕਦਮ ਚੁਕਦਿਆਂ ਅਦਾਲਤਾਂ ਨੂੰ ਉਨ੍ਹਾਂ ਵਿਅਕਤੀਆਂ ਨੂੰ ਜੇਲ੍ਹ ਤੋਂ ਰਿਹਾਅ ਕਰਨ ਤੋਂ ਰੋਕ ਦਿੱਤਾ ਜਿਨ੍ਹਾਂ 'ਤੇ ਸੁਪਰੀਮ ਕੋਰਟ ਦੀ 72 ਸਾਲਾ ਮਹਿਲਾ ਵਕੀਲ ਤੋਂ 'ਡਿਜੀਟਲ ਅਰੈਸਟ' ਰਾਹੀਂ 3.29 ਕਰੋੜ ਰੁਪਏ ਦੀ ਠੱਗੀ ਮਾਰਨ ਦਾ ਦੋਸ਼ ਹੈ। ਅਦਾਲਤ ਨੇ ਕਿਹਾ ਕਿ ਇਸ ਮਾਮਲੇ 'ਅਸਾਧਾਰਨ ਹੁਕਮ' ਦੀ ਲੋੜ ਹੈ। ਜਸਟਿਸ ਸੂਰਿਆਕਾਂਤ ਤੇ ਜਸਟਿਸ ਜੋਇਮਾਲਿਆ ਬਾਗਚੀ ਦੇ ਬੈਂਚ ਨੇ ਕਿਹਾ, "ਸਾਨੂੰ ਇਨ੍ਹਾਂ ਮਾਮਲਿਆਂ ਨਾਲ ਸਖ਼ਤੀ ਨਾਲ ਨਜਿੱਠਣਾ ਹੋਵੇਗਾ ਤਾਂ ਜੋ ਸਹੀ ਸੁਨੇਹਾ ਜਾਵੇ। ਅਸਧਾਰਨ ਘਟਨਾ ਲਈ ਅਸਧਾਰਨ ਦਖਲ ਦੀ ਲੋੜ ਹੈ।" ਬੈਂਚ ਨੇ 'ਸੁਪਰੀਮ ਕੋਰਟ ਐਡਵੋਕੇਟ ਆਨ ਰਿਕਾਰਡ ਐਸੋਸੀਏਸ਼ਨ' (ਐੱਸ ਸੀ ਏ ਓ ਆਰ ਏ) ਵੱਲੋਂ ਦਾਇਰ ਦਖਲ ਸਬੰਧੀ ਪਟੀਸ਼ਨ ਰਿਕਾਰਡ 'ਤੇ ਲਈ ਜਿਸ 'ਚ ਮਹਿਲਾ ਵਕੀਲ ਦਾ ਮਾਮਲਾ ਅੱਗੇ ਵਧਾਇਆ ਗਿਆ ਤੇ ਮੁਲਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ। ਐਸੋਸੀਏਸ਼ਨ ਦੇ ਪ੍ਰਧਾਨ ਵਿਪਿਨ ਨਾਇਰ ਨੇ ਕਿਹਾ ਕਿ ਬਜ਼ੁਰਗ ਮਹਿਲਾ ਵਕੀਲ ਦੀ ਸਾਰੀ ਜਮ੍ਹਾਂ ਪੂੰਜੀ ਚਲੀ ਗਈ ਤੇ ਇਸ ਸਾਲ ਮਈ 'ਚ ਐੱਫ ਆਈ ਆਰ ਦਰਜ ਹੋਣ ਮਗਰੋਂ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਕਾਨੂੰਨੀ ਜ਼ਮਾਨਤ 'ਤੇ ਰਿਹਾਅ ਹੋਣ ਵਾਲੇ ਹਨ। ਬੈਂਚ ਨੇ ਟਿੱਪਣੀਆਂ ਨੋਟਿਸ ਲੈਂਦਿਆਂ ਤੁਰੰਤ ਹੁਕਮ ਦਿੱਤਾ, "ਇਸੇ ਵਿਚਾਲੇ ਮੁਲਜ਼ਮ ਵਿਜੈ ਖੰਨਾ ਤੇ ਹੋਰ ਸਹਿ-ਮੁਲਜ਼ਮਾਂ ਨੂੰ ਕਿਸੇ ਵੀ ਅਦਾਲਤ ਵੱਲੋਂ ਰਿਹਾਅ ਨਹੀਂ ਕੀਤਾ ਜਾਵੇਗਾ। ਉਹ ਕਿਸੇ ਵੀ ਰਾਹਤ ਲਈ ਇਸ ਅਦਾਲਤ ਦਾ ਦਰਵਾਜ਼ਾ ਖੜਕਾ ਸਕਦੇ ਹਨ।"

## ਦਿੱਲੀ-ਸ਼ੰਘਾਈ ਲਈ ਏਅਰ ਇੰਡੀਆ ਵੱਲੋਂ ਮੁੜ ਸ਼ੁਰੂ ਹੋਣਗੀਆਂ ਉਡਾਣਾਂ

**2020 ਦੇ ਸ਼ੁਰੂ ਵਿੱਚ ਕੋਰੋਨਾਵਾਇਰਸ ਮਹਾਂਮਾਰੀ ਦੇ ਮੱਦੇਨਜ਼ਰ ਸ਼ੰਘਾਈ ਲਈ ਸੇਵਾਵਾਂ ਬੰਦ ਕਰ ਦਿੱਤੀਆਂ ਸਨ**

ਨਵੀਂ ਦਿੱਲੀ (ਏਜੰਸੀ)-ਏਅਰ ਇੰਡੀਆ 1 ਫਰਵਰੀ 2026 ਤੋਂ ਦਿੱਲੀ ਅਤੇ ਸ਼ੰਘਾਈ ਦਰਮਿਆਨ ਉਡਾਣਾਂ ਮੁੜ ਸ਼ੁਰੂ ਕਰੇਗੀ। ਹੁਣ ਟਾਟਾ ਗਰੁੱਪ ਦੀ ਮਲਕੀਅਤ ਵਾਲੀ ਏਅਰਲਾਈਨ ਨੇ 2020 ਦੇ ਸ਼ੁਰੂ ਵਿੱਚ ਕੋਰੋਨਾਵਾਇਰਸ ਮਹਾਂਮਾਰੀ ਦੇ ਮੱਦੇਨਜ਼ਰ ਸ਼ੰਘਾਈ ਲਈ ਸੇਵਾਵਾਂ ਬੰਦ ਕਰ ਦਿੱਤੀਆਂ ਸਨ, ਅਤੇ ਉਸ ਸਮੇਂ ਘਾਟੇ ਵਿੱਚ ਚੱਲ ਰਹੀ ਏਅਰਲਾਈਨ ਸਰਕਾਰ ਦੀ ਮਲਕੀਅਤ ਵਿੱਚ ਸੀ। ਅਗਲੇ ਸਾਲ 1 ਫਰਵਰੀ ਤੋਂ ਦਿੱਲੀ-ਸ਼ੰਘਾਈ ਉਡਾਣਾਂ ਮੁੜ ਸ਼ੁਰੂ ਕਰਨ ਬਾਰੇ ਘੋਸ਼ਣਾ ਕਰਦੇ ਹੋਏ, ਏਅਰ ਇੰਡੀਆ ਨੇ ਇਹ ਵੀ ਕਿਹਾ ਕਿ ਉਹ 2026 ਵਿੱਚ ਰੈਗੂਲੇਟਰੀ ਮਨਜ਼ੂਰੀਆਂ ਦੇ ਅਧੀਨ ਮੁੰਬਈ ਅਤੇ ਸ਼ੰਘਾਈ ਦਰਮਿਆਨ ਨਾਨ-ਸਟਾਪ ਸੇਵਾਵਾਂ ਸ਼ੁਰੂ ਕਰਨ ਦੀ ਯੋਜਨਾ ਬਣਾਰਹੀ ਹੈ। ਏਅਰ ਇੰਡੀਆ ਦਿੱਲੀ ਅਤੇ ਸ਼ੰਘਾਈ ਦਰਮਿਆਨ ਹਫ਼ਤੇ ਵਿੱਚ ਚਾਰ ਵਾਰ ਆਪਣੀ ਬੋਇੰਗ 787-8 ਏਅਰਕ੍ਰਾਫਟ ਨਾਲ ਉਡਾਣਾਂ ਦਾ ਸੰਚਾਲਨ ਕਰੇਗੀ, ਜਿਸ ਵਿੱਚ 18 ਬਿਜ਼ਨਸ ਅਤੇ 238 ਇਕੋਨਮੀ ਕਲਾਸ ਸੀਟਾਂ ਹੋਣਗੀਆਂ। ਏਅਰਲਾਈਨ ਨੇ ਇੱਕ ਰਿਲੀਜ਼ ਵਿੱਚ ਕਿਹਾ ਕਿ ਸ਼ੰਘਾਈ ਏਅਰ ਇੰਡੀਆ ਗਰੁੱਪ ਵੱਲੋਂ ਸੇਵਾ ਦਿੱਤੀ ਜਾਣ ਵਾਲੀ 48ਵੀਂ ਅੰਤਰਰਾਸ਼ਟਰੀ ਮੰਜ਼ਿਲ ਹੋਵੇਗੀ। ਰਿਲੀਜ਼ ਵਿੱਚ ਕਿਹਾ ਗਿਆ ਹੈ, ਏਅਰ ਇੰਡੀਆ ਦੀਆਂ ਸ਼ੰਘਾਈ ਸੇਵਾਵਾਂ ਦੀ ਬਹਾਲੀ ਭਾਰਤ-ਚੀਨ ਦੇ ਹਾਲ ਹੀ ਦੇ ਕੂਟਨੀਤਕ ਸਮਝੌਤਿਆਂ ਦੀ ਪਾਲਣਾ ਕਰਦੀ ਹੈ ਜਿਸ ਨੇ 2020 ਦੇ ਸ਼ੁਰੂ ਵਿੱਚ ਰੋਕ ਦਿੱਤੇ ਗਏ ਹਵਾਈ ਸੰਪਰਕਾਂ ਨੂੰ ਬਹਾਲ ਕੀਤਾ। ਏਅਰ ਇੰਡੀਆ ਨੇ ਸਭ ਤੋਂ ਪਹਿਲਾਂ ਅਕਤੂਬਰ 2000 ਵਿੱਚ ਮੁੱਖ ਭੂਮੀ ਚੀਨ ਲਈ ਨਾਨ-ਸਟਾਪ ਸੇਵਾਵਾਂ ਸ਼ੁਰੂ ਕੀਤੀਆਂ ਸਨ।



## ਭਾਰਤ-ਬਰਤਾਨੀਆ ਵਿਚਾਲੇ ਜੰਗੀ ਮਸ਼ਕਾਂ ਹੋਈਆਂ ਸ਼ੁਰੂ

**ਦੋ ਹਫ਼ਤਿਆਂ ਦੀਆਂ ਮਸ਼ਕਾਂ 30 ਨਵੰਬਰ ਤੱਕ ਜਾਰੀ ਰਹਿਣਗੀਆਂ**

ਜੈਪੁਰ (ਏਜੰਸੀ)-ਭਾਰਤ ਅਤੇ ਬਰਤਾਨੀਆ ਦੀਆਂ ਫ਼ੌਜਾਂ ਵਿਚਾਲੇ ਮਸ਼ਕਾਂ 'ਅਜੇਯ ਵਾਰੀਅਰ-25' ਰਾਜਸਥਾਨ ਦੇ ਵਿਦੇਸ਼ੀ ਟਰੇਨਿੰਗ ਨੋਡ ਸਥਿਤ ਮਹਾਜਨ ਫੀਲਡ ਫਾਇਰਿੰਗ ਰੇਂਜ 'ਚ ਸ਼ੁਰੂ ਹੋ ਗਈਆਂ ਹਨ। ਦੋ ਹਫ਼ਤਿਆਂ ਦੀਆਂ ਮਸ਼ਕਾਂ 30 ਨਵੰਬਰ ਤੱਕ ਜਾਰੀ ਰਹਿਣਗੀਆਂ। ਰੱਖਿਆ ਮੰਤਰਾਲੇ ਵੱਲੋਂ ਜਾਰੀ ਬਿਆਨ ਮੁਤਾਬਕ ਮਸ਼ਕਾਂ 'ਚ ਭਾਰਤੀ ਅਤੇ ਬ੍ਰਿਟਿਸ਼ ਫ਼ੌਜ ਦੇ 240 ਜਵਾਨ ਹਿੱਸਾ ਲੈ ਰਹੇ ਹਨ। ਭਾਰਤੀ ਫ਼ੌਜ ਦੀ ਨੁਮਾਇੰਦਗੀ ਸਿੱਖ ਰੈਜੀਮੈਂਟ ਦੇ ਜਵਾਨਾਂ ਵੱਲੋਂ ਕੀਤੀ ਜਾ ਰਹੀ ਹੈ। ਦੋਵੇਂ ਮੁਲਕਾਂ ਵਿਚਾਲੇ ਮਸ਼ਕਾਂ ਅਰਧ-ਸ਼ਹਿਰੀ ਮਾਹੌਲ 'ਚ ਅਤਿਵਾਦ ਵਿਰੋਧੀ ਅਪਰੇਸ਼ਨਾਂ 'ਤੇ ਕੇਂਦਰਤ ਹਨ। ਦੋਵੇਂ ਮੁਲਕਾਂ ਦੇ ਫ਼ੌਜੀ ਇਕ-ਦੂਜੇ ਨਾਲ ਰਣਨੀਤਕ ਮਹਾਰਤ ਅਤੇ ਅਤਿ ਆਧੁਨਿਕ ਢੰਗ ਤਰੀਕਿਆਂ ਬਾਰੇ ਵੀ ਸਾਂਝ ਪਾਉਣਗੇ। 'ਅਜੇਯ ਵਾਰੀਅਰ' ਮਸ਼ਕਾਂ 2011 ਤੋਂ ਹੋ ਰਹੀਆਂ ਹਨ ਅਤੇ ਐਤਕੀਂ ਖੇਤਰੀ ਸਥਿਰਤਾ ਤੇ ਆਲਮੀ ਸ਼ਾਂਤੀ ਪ੍ਰਤੀ ਵਚਨਬੱਧਤਾ ਵੀ ਪ੍ਰਗਟਾਈ ਗਈ ਹੈ। ਪਿਛਲੀਆਂ ਮਸ਼ਕਾਂ 2023 'ਚ ਇੰਗਲੈਂਡ ਦੇ ਸੈਲਿਸਬਰੀ 'ਚ ਹੋਈਆਂ ਸਨ। ਪਿਛਲੇ ਮਹੀਨੇ ਦੋਵੇਂ ਮੁਲਕਾਂ ਨੇ ਪੱਛਮੀ ਕੰਢੇ 'ਤੇ ਕੋਂਕਣ 'ਚ ਸਫ਼ਲਤਾਪੂਰਵਕ ਮਸ਼ਕਾਂ ਕੀਤੀਆਂ ਸਨ। ਮਸ਼ਕਾਂ 'ਚ ਭਾਰਤੀ ਜਲ ਸੈਨਾ ਅਤੇ ਰੌਇਲ ਨੇਵੀ ਨੇ ਹਿੱਸਾ ਲਿਆ ਸੀ। ਸਮੁੰਦਰੀ ਇਲਾਕਿਆਂ 'ਚ ਚੌਕਸੀ ਰੱਖਣ ਲਈ ਇਹ ਮਸ਼ਕਾਂ ਅਹਿਮ ਸਨ।

# ਚੋਣ ਕਮਿਸ਼ਨ ਤੁਰੰਤ ਸਾਬਿਤ ਕਰੇ ਕਿ ਉਹ ਭਾਜਪਾ ਦੇ ਪ੍ਰਭਾਵ ਹੇਠ ਨਹੀਂ : ਕਾਂਗਰਸ

## ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਲਗਾਏ ਦੋਸ਼

ਨਵੀਂ ਦਿੱਲੀ(ਏਜੰਸੀ)-ਕਾਂਗਰਸ ਪਾਰਟੀ ਨੇ ਆਪਣੀ 'ਵੋਟ ਚੋਰੀ' ਦੀ ਦਲੀਲ ਨੂੰ ਅੱਗੇ ਵਧਾਉਂਦੇ ਹੋਏ ਕਿਹਾ ਕਿ ਵੋਟਰ ਸੂਚੀਆਂ ਦੀ ਐੱਸਆਈਆਰ ਪ੍ਰਕਿਰਿਆ ਦੌਰਾਨ ਚੋਣ ਕਮਿਸ਼ਨ ਦਾ ਵਿਹਾਰ ਬਹੁਤ ਨਿਰਾਸ਼ਾਜਨਕ ਰਿਹਾ ਹੈ ਅਤੇ ਮੰਗ ਕੀਤੀ ਕਿ ਚੋਣ ਸੰਸਥਾ ਤੁਰੰਤ ਸਾਬਤ ਕਰੇ ਕਿ ਉਹ ਭਾਜਪਾ ਦੇ ਪ੍ਰਭਾਵ ਹੇਠ ਕੰਮ ਨਹੀਂ ਕਰ ਰਹੀ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਇਹ ਵੀ ਦੋਸ਼ ਲਾਇਆ ਕਿ ਭਾਜਪਾ 'ਵੋਟ ਚੋਰੀ' ਲਈ ਵੋਟਰ ਸੂਚੀਆਂ ਦੀ ਸੁਧਾਈ ਪ੍ਰਕਿਰਿਆ ਨੂੰ ਇੱਕ ਹਥਿਆਰ ਵਜੋਂ ਵਰਤਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਨੇ 12 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੁੱਖ ਅਹੁਦੇਦਾਰਾਂ ਨਾਲ ਇੱਕ ਮੀਟਿੰਗ ਦੀ ਪ੍ਰਧਾਨਗੀ ਕੀਤੀ ਜਿੱਥੇ ਐੱਸਆਈਆਰ ਪ੍ਰਕਿਰਿਆ ਚੱਲ ਰਹੀ ਹੈ। ਖੜਗੇ ਨੇ ਮੀਟਿੰਗ ਦੀ ਪ੍ਰਧਾਨਗੀ ਕਰਨ ਤੋਂ ਬਾਅਦ 'ਐਕਸ' 'ਤੇ ਕਿਹਾ, ਅਸੀਂ ਏਆਈਸੀਸੀ ਦੇ ਜਨਰਲ ਸਕੱਤਰਾਂ, ਇੰਚਾਰਜਾਂ, ਪੀਸੀਸੀਜ਼, ਸੀਐੱਲਪੀਜ਼ ਅਤੇ ਉਨ੍ਹਾਂ ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਏਆਈਸੀਸੀ ਸਕੱਤਰਾਂ ਨਾਲ ਇੱਕ ਵਿਆਪਕ ਰਣਨੀਤੀ ਸਮੀਖਿਆ ਕੀਤੀ, ਜਿੱਥੇ ਐੱਸਆਈਆਰ ਪ੍ਰਕਿਰਿਆ ਚੱਲ ਰਹੀ ਹੈ। ਕਾਂਗਰਸ ਪਾਰਟੀ ਚੋਣ ਸੂਚੀਆਂ ਦੀ ਅਖੰਡਤਾ ਦੀ ਰਾਖੀ ਲਈ ਸਪੱਸ਼ਟ ਤੌਰ 'ਤੇ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮੇਂ ਜਦੋਂ ਜਮਹੂਰੀ ਸੰਸਥਾਵਾਂ ਵਿੱਚ ਲੋਕਾਂ ਦਾ ਵਿਸ਼ਵਾਸ ਪਹਿਲਾਂ ਹੀ ਘਟਿਆ ਹੋਇਆ ਹੈ ਤਾਂ ਐੱਸਆਈਆਰ ਪ੍ਰਕਿਰਿਆ ਦੌਰਾਨ ਚੋਣ ਕਮਿਸ਼ਨ ਦਾ ਵਿਹਾਰ ਬਹੁਤ ਨਿਰਾਸ਼ਾਜਨਕ ਰਿਹਾ ਹੈ। ਖੜਗੇ ਨੇ ਕਿਹਾ, "ਉਸ(ਚੋਣ ਕਮਿਸ਼ਨ) ਨੂੰ ਤੁਰੰਤ ਸਾਬਿਤ ਕਰਨਾ ਚਾਹੀਦਾ ਹੈ ਕਿ ਉਹ ਭਾਜਪਾ ਦੇ ਪ੍ਰਭਾਵ ਹੇਠ ਕੰਮ ਨਹੀਂ ਕਰ ਰਿਹਾ ਹੈ ਅਤੇ ਉਸ ਨੂੰ ਆਪਣੀ ਸੰਵਿਧਾਨਕ ਸਹੁੰ ਅਤੇ ਭਾਰਤ ਦੇ ਲੋਕਾਂ ਪ੍ਰਤੀ ਆਪਣੀ ਵਫ਼ਾਦਾਰੀ ਯਾਦ ਹੈ, ਨਾ ਕਿ ਕਿਸੇ ਸੱਤਾਧਾਰੀ ਪਾਰਟੀ ਪ੍ਰਤੀ।"




# ਕਾਂਗਰਸ ਨੇ ਕੱਸਿਆ ਤਨਜ਼, ਕਿਹਾ, 'ਹੁਣ ਗਿਣਤੀ 60 ਹੋ ਗਈ ਹੈ'

## ਭਾਰਤ-ਪਾਕਿ ਟਕਰਾਅ ਰੋਕਣ ਬਾਰੇ ਟਰੰਪ ਦੇ ਦਾਅਵੇ 'ਤੇ ਉਡਾਇਆ ਮਜ਼ਾਕ

ਨਵੀਂ ਦਿੱਲੀ (ਏਜੰਸੀ)-ਕਾਂਗਰਸ ਨੇ ਬੁੱਧਵਾਰ ਨੂੰ ਨਰਿੰਦਰ ਮੋਦੀ ਸਰਕਾਰ 'ਤੇ ਮੁੜ ਤਨਜ਼ ਕੱਸਿਆ, ਜਦੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਹ ਦਾਅਵਾ ਦੁਹਰਾਇਆ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਟਕਰਾਅ ਨੂੰ ਰੋਕਿਆ ਸੀ। ਇਸ ਕਾਂਗਰਸ ਨੇ ਟਿੱਪਣੀ ਕਰਦਿਆ ਕਿਹਾ 'ਹੁਣ ਗਿਣਤੀ 60 ਹੋ ਗਈ ਹੈ।' ਮੰਗਲਵਾਰ ਨੂੰ ਸਾਊਦੀ ਕ੍ਰਾਊਨ ਪ੍ਰਿੰਸ ਨਾਲ ਦੁਵੱਲੀ ਬੈਠਕ ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਆਪਣਾ ਇਹ ਦਾਅਵਾ ਦੁਹਰਾਇਆ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਜੰਗ ਨੂੰ ਰੋਕਿਆ ਸੀ। ਇਸ ਘਟਨਾ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਾਂਗਰਸ ਦੇ ਸੰਚਾਰ ਵਿਭਾਗ ਦੇ ਇੰਚਾਰਜ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ, ਬਸ ਜਦੋਂ ਲੱਗਦਾ ਸੀ ਕਿ ਦਾਅਵੇ ਬੰਦ ਹੋ ਗਏ ਹਨ, ਰਾਸ਼ਟਰਪਤੀ ਟਰੰਪ ਨੇ ਦੁਨੀਆ ਨੂੰ ਫਿਰ ਯਾਦ ਕਰਵਾ ਦਿੱਤਾ ਹੈ। ਰਮੇਸ਼ ਨੇ ਐਕਸ (✓) 'ਤੇ ਕਿਹਾ ਕਿ ਕੱਲ੍ਹ ਵਾਸ਼ਿੰਗਟਨ ਵਿੱਚ ਸਾਊਦੀ ਕ੍ਰਾਊਨ ਪ੍ਰਿੰਸ ਨਾਲ ਇੱਕ ਮੁਲਾਕਾਤ ਵਿੱਚ ਟਰੰਪ ਨੇ ਆਪਣੇ ਇਸ ਦਾਅਵੇ ਨੂੰ ਦੁਹਰਾਇਆ ਕਿ ਉਨ੍ਹਾਂ ਨੇ 'ਅਪਰੇਸ਼ਨ ਸਿੰਧੂਰ' ਨੂੰ ਰੋਕਣਾ ਯਕੀਨੀ ਬਣਾਉਣ ਲਈ ਦਖਲ ਦਿੱਤਾ ਸੀ। ਕਾਂਗਰਸ ਆਗੂ ਨੇ ਕਿਹਾ, ਬੇਸ਼ੱਕ, ਉਹ ਇਹ ਗੱਲ ਪਹਿਲਾਂ ਸਾਊਦੀ ਅਰਬ ਦੇ ਨਾਲ-ਨਾਲ ਕਤਰ, ਮਿਸਰ, ਯੂਕੇ, ਨੀਦਰਲੈਂਡਜ਼ ਅਤੇ ਜਾਪਾਨ ਵਿੱਚ, ਅਤੇ ਕਈ ਹੋਰ ਪ੍ਰੈਸ ਗੱਲਬਾਤਾਂ ਵਿੱਚ ਵੀ ਕਹਿ ਚੁੱਕੇ ਹਨ। ਹੁਣ ਗਿਣਤੀ 60 ਹੋ ਗਈ ਹੈ। ਹਾਲਾਂਕਿ ਇਸ ਤੋਂ ਪਹਿਲਾ ਭਾਰਤ ਨੇ ਕਿਸੇ ਵੀ ਧਿਰ ਦੇ ਦਖਲ ਤੋਂ ਲਗਾਤਾਰ ਇਨਕਾਰ ਕੀਤਾ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਕਾਂਗਰਸ ਨੇ ਟਰੰਪ ਦੇ ਇਸ ਦਾਅਵੇ 'ਤੇ ਪ੍ਰਧਾਨ ਮੰਤਰੀ ਮੋਦੀ 'ਤੇ ਤਨਜ਼ ਕੱਸਿਆ ਸੀ ਕਿ ਭਾਰਤ ਨੇ ਰੂਸ ਤੋਂ ਤੇਲ ਖਰੀਦਣਾ ਲਗਭਗ ਬੰਦ ਕਰ ਦਿੱਤਾ ਹੈ। ਵਿਰੋਧੀ ਪਾਰਟੀ ਨੇ ਪੁੱਛਿਆ, "ਹਾਉਡੀ ਮੋਦੀ ਦਾ ਇਸ ਸਭ ਬਾਰੇ ਕੀ ਕਹਿਣਾ ਹੈ ?"



## ਸੰਪਾਦਕੀ

# ਵਿਸ਼ਵ ਪੱਧਰੀ ਬਿਮਾਰੀਆਂ

ਡਿਜੀਟਲ ਅਤੇ ਤਕਨੀਕੀ ਤਰੱਕੀ ਜਿਸ 'ਤੇ ਆਧੁਨਿਕ ਮਨੁੱਖੀ ਸਭਿਅਤਾ ਵਰਤਮਾਨ ਵਿੱਚ ਖੜ੍ਹੀ ਹੈ, ਨੂੰ ਦੇਖਦੇ ਹੋਏ, ਇਹ ਮੰਨਣਾ ਸੁਭਾਵਿਕ ਜਾਪਦਾ ਹੈ



ਕਿ ਵਿਗਿਆਨ ਦੀ ਸ਼ਕਤੀ ਨੇ ਦੁਨੀਆ ਨੂੰ ਦਰਪੇਸ਼ ਲਗਭਗ ਹਰ ਸਮੱਸਿਆ ਦਾ ਹੱਲ ਪ੍ਰਦਾਨ ਕਰਨਾ ਸ਼ੁਰੂ ਕਰ ਦਿੱਤਾ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ, ਰੋਬੋਟਿਕਸ, ਕੁਆਂਟਮ ਕੰਪਿਊਟਿੰਗ ਅਤੇ ਜੈਨੇਟਿਕ ਸੰਪਾਦਨ ਵਰਗੀਆਂ ਤਕਨਾਲੋਜੀਆਂ ਨੇ ਸਾਡੇ ਜੀਵਨ ਨੂੰ ਓਨਾ ਹੀ ਸਰਲ ਬਣਾਇਆ ਹੈ ਜਿੰਨਾ ਉਨ੍ਹਾਂ ਨੇ ਉਮੀਦਾਂ ਜਗਾਈਆਂ ਹਨ। ਹਾਲਾਂਕਿ, ਵਿਡੰਬਨਾ ਇਹ ਹੈ ਕਿ ਇਸ ਤਕਨਾਲੋਜੀ-ਸੰਚਾਲਿਤ ਸਮਕਾਲੀ ਦੁਨੀਆ ਵਿੱਚ ਵੀ, ਕਈ ਤਰ੍ਹਾਂ ਦੀਆਂ ਬਿਮਾਰੀਆਂ ਧਰਤੀ ਦੇ ਹਰ ਦੇਸ਼ ਨੂੰ ਚੁਣੌਤੀ ਦਿੰਦੀਆਂ ਰਹਿੰਦੀਆਂ ਹਨ। ਬਹੁਤ ਸਾਰੀਆਂ ਬਿਮਾਰੀਆਂ ਹਨ ਜਿਨ੍ਹਾਂ ਲਈ ਇਲਾਜ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਗਈ ਹੈ, ਪਰ ਬਹੁਤ ਸਾਰੀਆਂ ਅਜੇ ਵੀ ਮਨੁੱਖਤਾ ਅਤੇ ਡਾਕਟਰੀ ਦੁਨੀਆ ਦੋਵਾਂ ਲਈ ਇੱਕ ਰਹੱਸ ਬਣੀ ਹੋਈ ਹੈ। ਇਹ ਵਰਤਾਰਾ ਨਾ ਸਿਰਫ਼ ਡਾਕਟਰੀ ਪ੍ਰਣਾਲੀ ਦੇ ਨਿਰੰਤਰ ਵਿਕਾਸ ਦੀ ਜ਼ਰੂਰਤ ਰੱਖਦਾ ਹੈ, ਸਗੋਂ ਇਹ ਵੀ ਦਰਸਾਉਂਦਾ ਹੈ ਕਿ ਬਿਮਾਰੀ ਵਿਰੁੱਧ ਅੰਤਿਮ ਜਿੱਤ ਅਜੇ ਵੀ ਬਹੁਤ ਦੂਰ ਹੈ। ਮੇਰਾ ਦਾ ਮੰਨਣਾ ਹੈ ਕਿ ਦੁਨੀਆ ਭਰ ਵਿੱਚ ਲੱਖਾਂ ਲੋਕ ਅਜੇ ਵੀ ਅਜਿਹੀਆਂ ਬਿਮਾਰੀਆਂ ਨਾਲ ਜੂਝ ਰਹੇ ਹਨ ਜੋ ਜਾਂ ਤਾਂ ਲਾਇਲਾਜ ਹਨ ਜਾਂ ਮੁਸ਼ਕਲ, ਮਹਿੰਗੇ ਅਤੇ ਗੁੰਝਲਦਾਰ ਇਲਾਜ ਦੀ ਲੋੜ ਹੈ। ਅਜਿਹੀਆਂ ਬਿਮਾਰੀਆਂ ਨਾ ਸਿਰਫ਼ ਸਰੀਰ ਨੂੰ ਪ੍ਰਭਾਵਿਤ ਕਰਦੀਆਂ ਹਨ ਬਲਕਿ ਸਮਾਜਿਕ, ਆਰਥਿਕ ਅਤੇ ਮਨੋਵਿਗਿਆਨਕ ਢਾਂਚੇ 'ਤੇ ਵੀ ਡੂੰਘਾ ਪ੍ਰਭਾਵ ਪਾਉਂਦੀਆਂ ਹਨ। ਕੈਂਸਰ ਇੱਕ ਪ੍ਰਮੁੱਖ ਉਦਾਹਰਣ ਹੈ, ਇੱਕ ਅਜਿਹੀ ਬਿਮਾਰੀ ਜਿਸਦੀ ਗੰਭੀਰਤਾ ਅਤੇ ਵਿਸਫੋਟਕ ਫੈਲਾਅ ਆਧੁਨਿਕ ਡਾਕਟਰੀ ਵਿਗਿਆਨ ਲਈ ਇੱਕ ਮਹੱਤਵਪੂਰਨ ਚੁਣੌਤੀ ਬਣਿਆ ਹੋਇਆ ਹੈ। ਕੈਂਸਰ ਦੀਆਂ ਕਈ ਕਿਸਮਾਂ, ਉਨ੍ਹਾਂ ਦੀ ਵਿਭਿੰਨ ਪ੍ਰਕਿਰਤੀ ਅਤੇ ਤੇਜ਼ੀ ਨਾਲ ਫੈਲਣ ਨੇ ਸਾਬਤ ਕੀਤਾ ਹੈ ਕਿ ਬਿਮਾਰੀ ਵਿਰੁੱਧ ਲੜਾਈ ਵਿਗਿਆਨਕ ਅਤੇ ਸਮਾਜਿਕ ਪੱਧਰ ਦੋਵਾਂ 'ਤੇ ਇੱਕ ਬਰਾਬਰ ਲੜਾਈ ਹੈ। ਵਿਸ਼ਵ ਸਿਹਤ ਸੰਗਠਨ ਦੀ ਇੱਕ ਰਿਪੋਰਟ ਦੇ ਅਨੁਸਾਰ, ਪਿਛਲੇ ਦਹਾਕੇ ਵਿੱਚ ਕੈਂਸਰ ਦੇ ਮਾਮਲਿਆਂ ਵਿੱਚ ਕਾਫ਼ੀ ਵਾਧਾ ਹੋਇਆ ਹੈ, ਜੋ ਦਰਸਾਉਂਦਾ ਹੈ ਕਿ ਆਧੁਨਿਕ ਜੀਵਨ ਸ਼ੈਲੀ ਅਤੇ ਵਾਤਾਵਰਣ ਵਿੱਚ ਤਬਦੀਲੀਆਂ ਵੀ ਇਸ ਬਿਮਾਰੀ ਵਿੱਚ ਯੋਗਦਾਨ ਪਾ ਰਹੀਆਂ ਹਨ। ਅਸੀਂ ਅੱਜ ਇਸ ਬਿਮਾਰੀ ਬਾਰੇ ਚਰਚਾ ਕਰ ਰਹੇ ਹਾਂ ਕਿਉਂਕਿ, ਇਸ ਸੰਦਰਭ ਵਿੱਚ, 17 ਨਵੰਬਰ, 2025 ਨੂੰ ਮਨਾਇਆ ਜਾਣ ਵਾਲਾ ਰਾਸ਼ਟਰੀ ਮਿਰਗੀ ਦਿਵਸ ਇੱਕ ਬਹੁਤ ਮਹੱਤਵਪੂਰਨ ਮੌਕਾ ਬਣ ਜਾਂਦਾ ਹੈ। ਮਿਰਗੀ ਇੱਕ ਤੰਤੂ ਵਿਗਿਆਨਕ ਵਿਕਾਰ ਹੈ ਜੋ ਦੁਨੀਆ ਭਰ ਵਿੱਚ ਲਗਭਗ 50 ਮਿਲੀਅਨ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ, ਜੋ ਇਸਨੂੰ ਦੁਨੀਆ ਦੇ ਸਭ ਤੋਂ ਆਮ ਤੰਤੂ ਵਿਗਿਆਨਕ ਵਿਕਾਰਾਂ ਵਿੱਚੋਂ ਇੱਕ ਬਣਾਉਂਦਾ ਹੈ। ਇਸ ਵਿਕਾਰ ਤੋਂ ਪੀੜਤ ਲੋਕਾਂ ਨੂੰ ਸਮਾਜਿਕ ਵਿਤਕਰੇ, ਗਲਤ ਧਾਰਨਾਵਾਂ ਅਤੇ ਉਲਝਣ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਮੁੱਖ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਇਹ ਇੱਕ ਛੂਤ ਵਾਲੀ ਬਿਮਾਰੀ ਹੈ, ਜਿਸ ਨਾਲ ਲੋਕ ਮਰੀਜ਼ਾਂ ਦੀ ਮਦਦ ਕਰਨ ਤੋਂ ਡਰਦੇ ਹਨ, ਪਰ ਇਹ ਇੱਕ ਗੈਰ-ਛੂਤ ਵਾਲੀ ਬਿਮਾਰੀ ਹੈ ਅਤੇ ਇਸਨੂੰ ਸੰਚਾਰਿਤ ਨਹੀਂ ਕੀਤਾ ਜਾ ਸਕਦਾ। ਇੱਕ ਹੋਰ ਮਿੱਥ ਇਹ ਹੈ ਕਿ ਜੇਕਰ ਕਿਸੇ ਨੂੰ ਦੌਰੇ ਪੈਂਦੇ ਹਨ, ਤਾਂ ਇਹ ਭੂਤਾਂ ਅਤੇ ਜਾਦੂ-ਟੂਣਿਆਂ ਨਾਲ ਜੁੜਿਆ ਹੋਇਆ ਹੈ, ਜੋ ਕਿ ਪੂਰੀ ਤਰ੍ਹਾਂ ਝੂਠ ਹੈ। ਜੁੱਤੀ ਸੁੰਘਣਾ ਜਾਂ ਮਿਰਗੀ ਦੇ ਮਰੀਜ਼ ਦੇ ਮੂੰਹ ਵਿੱਚ ਚਮਚਾ ਪਾਉਣਾ ਬੇਬੁਨਿਆਦ ਦਾਅਵੇ ਹਨ। ਅਜਿਹੀ ਸਥਿਤੀ ਵਿੱਚ, ਜਾਗਰੂਕਤਾ, ਸਵੀਕ੍ਰਿਤੀ ਅਤੇ ਵਿਗਿਆਨਕ ਗਿਆਨ ਹੀ ਇੱਕੋ ਇੱਕ ਸਾਧਨ ਹਨ ਜੋ ਮਿਰਗੀ ਤੋਂ ਪੀੜਤ ਵਿਅਕਤੀ ਦੇ ਜੀਵਨ ਨੂੰ ਬਿਹਤਰ, ਸੁਰੱਖਿਅਤ ਅਤੇ ਸਨਮਾਨਜਨਕ ਬਣਾ ਸਕਦੇ ਹਨ। ਦੋਸਤੋ, ਜੇਕਰ ਅਸੀਂ ਰਾਸ਼ਟਰੀ ਮਿਰਗੀ ਦਿਵਸ ਦੇ ਮੁੱਖ ਉਦੇਸ਼ 'ਤੇ ਵਿਚਾਰ ਕਰੀਏ, ਤਾਂ ਇਹ ਲੋਕਾਂ ਨੂੰ ਇਹ ਸਮਝਾਉਣਾ ਹੈ ਕਿ ਮਿਰਗੀ ਇੱਕ ਅਲੌਕਿਕ ਵਰਤਾਰਾ ਨਹੀਂ ਹੈ, ਸਗੋਂ ਦਿਮਾਗ ਦਾ ਇੱਕ ਡਾਕਟਰੀ ਵਿਕਾਰ ਹੈ; ਇਲਾਜ ਉਪਲਬਧ ਹੈ; ਅਤੇ ਇਹ ਕਿ ਸਹੀ ਦੇਖਭਾਲ ਅਤੇ ਜਾਗਰੂਕਤਾ ਨਾਲ, ਇੱਕ ਵਿਅਕਤੀ ਇੱਕ ਆਮ ਜੀਵਨ ਜੀ ਸਕਦਾ ਹੈ। ਇਸ ਦਿਨ, ਡਾਕਟਰੀ ਜਗਤ, ਸਮਾਜ ਅਤੇ ਸਰਕਾਰਾਂ ਇੱਕ ਸੰਗਠਿਤ ਮੁਹਿੰਮ ਰਾਹੀਂ ਮਿਰਗੀ ਬਾਰੇ ਗਲਤ ਧਾਰਨਾਵਾਂ ਨੂੰ ਦੂਰ ਕਰਨ ਲਈ ਮਿਲ ਕੇ ਕੰਮ ਕਰਦੀਆਂ ਹਨ। ਇਹ ਸੰਦੇਸ਼ ਦੁਨੀਆ ਦੇ ਹਰ ਦੇਸ਼ ਲਈ ਬਰਾਬਰ ਮਹੱਤਵਪੂਰਨ ਹੈ ਕਿਉਂਕਿ ਮਨੁੱਖੀ ਜੀਵਨ 'ਤੇ ਬਿਮਾਰੀਆਂ ਅਤੇ ਵਿਕਾਰਾਂ ਦਾ ਪ੍ਰਭਾਵ ਸਰਹੱਦਾਂ ਪਾਰ ਕਰਦਾ ਹੈ ਅਤੇ ਇੱਕ ਵਿਸ਼ਵਵਿਆਪੀ ਪਹਿਲੂ ਬਣ ਜਾਂਦਾ ਹੈ। ਦੋਸਤੋ, ਜੇਕਰ ਅਸੀਂ ਜੀਵਨ ਸ਼ੈਲੀ ਵਿੱਚ ਤਬਦੀਲੀਆਂ ਅਤੇ ਬਿਮਾਰੀ ਨੂੰ ਉਤਸ਼ਾਹਿਤ ਕਰਨ ਵਾਲੇ ਕਾਰਕਾਂ ਦੀ ਰੋਕਥਾਮ 'ਤੇ ਵਿਚਾਰ ਕਰੀਏ, ਤਾਂਸਿਰਫ਼ ਦਵਾਈਆਂ ਅਤੇ ਡਾਕਟਰੀ ਦਖਲਅੰਦਾਜ਼ੀ ਬਿਮਾਰੀਆਂ ਦੇ ਇਲਾਜ ਲਈ ਕਾਫ਼ੀ ਨਹੀਂ ਹਨ; ਜੀਵਨ ਸ਼ੈਲੀ ਵਿੱਚ ਤਬਦੀਲੀਆਂ, ਬਿਮਾਰੀ ਪੈਦਾ ਕਰਨ ਵਾਲੇ ਕਾਰਕਾਂ ਤੋਂ ਬਚਣਾ, ਮਾਨਸਿਕ ਸਿਹਤ ਦੀ ਦੇਖਭਾਲ ਕਰਨਾ ਅਤੇ ਨਿਯਮਤ ਰੁਟੀਨ ਬਣਾਈ ਰੱਖਣਾ ਸਿਹਤ ਲਈ ਇੱਕ ਮਜ਼ਬੂਤ ? ?ਨੀਂਹ ਪ੍ਰਦਾਨ ਕਰਦਾ ਹੈ। ਬਹੁਤ ਸਾਰੀਆਂ ਬਿਮਾਰੀਆਂ ਮੁੱਖ ਤੌਰ 'ਤੇ ਜੀਵਨ ਸ਼ੈਲੀ ਵਿੱਚ ਤਬਦੀਲੀਆਂ ਕਾਰਨ ਹੁੰਦੀਆਂ ਹਨ, ਜਿਸ ਵਿੱਚ ਅਸੰਤੁਲਿਤ ਖੁਰਾਕ, ਤਣਾਅ, ਵਾਤਾਵਰਣ ਪ੍ਰਦੂਸ਼ਣ ਅਤੇ ਬੈਠਣ ਵਾਲੀ ਜੀਵਨ ਸ਼ੈਲੀ ਸ਼ਾਮਲ ਹੈ। ਦੁਨੀਆ ਭਰ ਦੇ ਅਧਿਐਨ ਦਰਸਾਉਂਦੇ ਹਨ ਕਿ ਜੀਵਨ ਸ਼ੈਲੀ ਵਿੱਚ ਸੋਧਾਂ, ਜਿਵੇਂ ਕਿ ਸਿਹਤਮੰਦ ਖੁਰਾਕ, ਨਿਯਮਤ ਕਸਰਤ, ਲੋੜੀਂਦੀ ਨੀਂਦ, ਮਾਨਸਿਕ ਸੰਤੁਲਨ ਅਤੇ ਤਣਾਅ ਪ੍ਰਬੰਧਨ ਦੁਆਰਾ ਬਹੁਤ ਸਾਰੀਆਂ ਬਿਮਾਰੀਆਂ ਨੂੰ ਘਟਾਇਆ ਜਾ ਸਕਦਾ ਹੈ।ਇਹਮਿਰਗੀ ਲਈ ਵੀ ਸੱਚ ਹੈ। ਦੌਰੇ ਅਕਸਰ ਨੀਂਦ ਦੀ ਘਾਟ, ਚਮਕਦਾਰ ਰੌਸ਼ਨੀ ਦੇ ਸੰਪਰਕ ਵਿੱਚ ਆਉਣ, ਮਾਨਸਿਕ ਤਣਾਅ, ਸ਼ਰਾਬ ਪੀਣ, ਜਾਂ ਦਵਾਈ ਬੰਦ ਕਰਨ ਨਾਲ ਹੁੰਦੇ ਹਨ। ਇਸ ਲਈ, ਬਿਮਾਰੀ ਨੂੰ ਸਮਝਣਾ ਅਤੇ ਅਨੁਸ਼ਾਸਿਤ ਜੀਵਨ ਸ਼ੈਲੀ ਬਣਾਈ ਰੱਖਣਾ ਆਪਣੇ ਆਪ ਨੂੰ ਬਚਾਉਣ ਦੇ ਸਭ ਤੋਂ ਭਰੋਸੇਮੰਦ ਤਰੀਕੇ ਹਨ। ਜੀਵਨਸ਼ੈਲੀ ਵਿੱਚ ਬਦਲਾਅ ਤੋਂ ਇਲਾਵਾ, ਜਾਗਰੂਕਤਾ ਇੱਕ ਸ਼ਕਤੀਸ਼ਾਲੀ ਅਤੇ ਸਹੀ ਸਾਧਨ ਹੈ ਜੋ ਬਿਮਾਰੀਆਂ ਦੀ ਰੋਕਥਾਮ, ਇਲਾਜ ਅਤੇ ਪ੍ਰਬੰਧਨ ਵਿੱਚ ਕੇਂਦਰੀ ਭੂਮਿਕਾ ਨਿਭਾਉਂਦਾ ਹੈ। ਕਈ ਦੇਸ਼ਾਂ ਵਿੱਚ ਸਿਹਤ ਜਾਗਰੂਕਤਾ ਮੁਹਿੰਮਾਂ ਨੇ ਲੱਖਾਂ ਜਾਨਾਂ ਬਚਾਈਆਂ ਹਨ। ਪੋਲੀਓ, ਏਡਜ਼, ਤਪਦਿਕ ਅਤੇ ਕੋਵਿਡ-19 ਵਰਗੀਆਂ ਵੱਡੀਆਂ ਮਹਾਂਮਾਰੀਆਂ ਦੌਰਾਨ ਵੀ,ਜਾਗਰੂਕਤਾ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਬਿਮਾਰੀ ਨੂੰ ਸਮਝਣਾ, ਇਸਦੇ ਲੱਛਣਾਂ ਨੂੰ ਪਛਾਣਨਾ, ਇਸਦੇ ਇਲਾਜ ਨੂੰ ਜਾਣਨਾ ਅਤੇ ਗਲਤ ਧਾਰਨਾਵਾਂ ਤੋਂ ਬਚਣਾ, ਇਹ ਸਭ ਆਧੁਨਿਕ ਦਵਾਈ ਅਤੇ ਤਕਨਾਲੋਜੀ ਵਾਂਗ ਹੀ ਇੱਕ ਵਿਅਕਤੀ ਨੂੰ ਬਿਮਾਰੀ ਤੋਂ ਬਚਾਉਣ ਲਈ ਮਹੱਤਵਪੂਰਨ ਹਨ। ਦੋਸਤੋ, ਅੱਜ, ਡਿਜੀਟਲ ਮੀਡੀਆ, ਇੰਟਰਨੈਟ ਅਤੇ ਸਿੱਖਿਆ ਦੇ ਵਿਸਥਾਰ ਦੇ ਕਾਰਨ, ਸਿਹਤ ਦੇ ਲਾਭਾਂ ਅਤੇ ਨੁਕਸਾਨਾਂ ਬਾਰੇ ਜਾਣਕਾਰੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਪਹੁੰਚਯੋਗ ਹੋ ਗਈ ਹੈ। ਹਾਲਾਂਕਿ, ਗਲਤ ਜਾਣਕਾਰੀ ਦਾ ਫੈਲਾਅ ਵੀ ਓਨੀ ਹੀ ਤੇਜ਼ ਰਫ਼ਤਾਰ ਨਾਲ ਵਧਿਆ ਹੈ। ਇਸ ਲਈ, ਲੋਕਾਂ ਤੱਕ ਪ੍ਰਮਾਣਿਕ, ਵਿਗਿਆਨਕ ਅਤੇ ਤੱਥ-ਅਧਾਰਤ ਜਾਣਕਾਰੀ ਪਹੁੰਚਾਉਣਾ ਬਹੁਤ ਜ਼ਰੂਰੀ ਹੋ ਗਿਆ ਹੈ। ਮਿਰਗੀ ਵਰਗੇ ਵਿਕਾਰਾਂ ਬਾਰੇ ਵੱਖ-ਵੱਖ ਦੇਸ਼ਾਂ ਵਿੱਚ ਮਿੱਥਾਂ ਅਤੇ ਅੰਧਵਿਸ਼ਵਾਸ ਅਜੇ ਵੀ ਕਾਇਮ ਹਨ। ਕੁਝ ਇਸਨੂੰ ਇੱਕ ਬ੍ਰਹਮ ਜਾਂ ਅਲੌਕਿਕ ਵਰਤਾਰਾ ਮੰਨਦੇ ਹਨ, ਦੂਸਰੇ ਇਸਨੂੰ ਮਾਨਸਿਕ ਕਮਜ਼ੋਰੀ ਨਾਲ ਜੋੜਦੇ ਹਨ, ਅਤੇ ਦੂਸਰੇ ਇਸਨੂੰ ਇੱਕ ਸਮਾਜਿਕ ਕਲੰਕ ਵਜੋਂ ਵੇਖਦੇ ਹਨ। ਇਸ ਧਾਰਨਾ ਨੂੰ ਬਦਲਣ ਦਾ ਇੱਕੋ ਇੱਕ ਤਰੀਕਾ ਜਾਗਰੂਕਤਾ, ਸੰਚਾਰ ਅਤੇ ਸਹੀ ਜਾਣਕਾਰੀ ਦੇ ਪ੍ਰਸਾਰ ਦੁਆਰਾ ਹੈ। ਦੋਸਤੋ, ਜੇਕਰ ਅਸੀਂ ਦੁਨੀਆ ਭਰ ਦੇ ਕਈ ਦੇਸ਼ਾਂ ਵਿੱਚ ਅਜਿਹੀਆਂ ਬਿਮਾਰੀਆਂ ਤੋਂ ਪੀੜਤ ਲੋਕਾਂ ਦੁਆਰਾ ਦਰਪੇਸ਼ ਸਮਾਜਿਕ ਵਿਤਕਰੇ 'ਤੇ ਵਿਚਾਰ ਕਰੀਏ, ਤਾਂ ਉਨ੍ਹਾਂ ਨੂੰ ਸਿੱਖਿਆ, ਰੁਜ਼ਗਾਰ ਅਤੇ ਸਮਾਜਿਕ ਜੀਵਨ ਵਿੱਚ ਬਰਾਬਰ ਦੇ ਮੌਕੇ ਦੇਣ ਤੋਂ ਇਨਕਾਰ ਕੀਤਾ ਜਾਂਦਾ ਹੈ। ਇਹ ਸਥਿਤੀ ਨਾ ਸਿਰਫ਼ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦੀ ਹੈ ਸਗੋਂ ਸਮਾਜਿਕ ਵਿਕਾਸ ਵਿੱਚ ਇੱਕ ਮਹੱਤਵਪੂਰਨ ਰੁਕਾਵਟ ਵੀ ਬਣਾਉਂਦੀ ਹੈ। ਇਸ ਲਈ, ਵਿਕਾਰਾਂ 'ਤੇ ਕਾਬੂ ਪਾਉਣ ਅਤੇ ਸਮਾਜਿਕ ਸਵੀਕ੍ਰਿਤੀ ਦਾ ਸੰਦੇਸ਼ ਅੱਜ ਦੇ ਸਿਹਤ ਭਾਸ਼ਣ ਦਾ ਇੱਕ ਜ਼ਰੂਰੀ ਹਿੱਸਾ ਹੈ। ਮਿਰਗੀ, ਕੈਂਸਰ, ਜਾਂ ਕਿਸੇ ਵੀ ਗੰਭੀਰ ਬਿਮਾਰੀ ਤੋਂ ਪੀੜਤ ਵਿਅਕਤੀ ਨੂੰ ਹਮਦਰਦੀ, ਸਤਿਕਾਰ ਅਤੇ ਸਹਾਇਤਾ ਦੀ ਲੋੜ ਹੁੰਦੀ ਹੈ, ਨਾ ਕਿ ਵਿਤਕਰੇ, ਦੂਰੀ ਜਾਂ ਡਰ ਦੀ। ਇੱਕ ਸਮਾਜਿਕ ਤੌਰ 'ਤੇ ਸਿਹਤਮੰਦ ਵਾਤਾਵਰਣ ਪੁਨਰਵਾਸ ਅਤੇ ਰਿਕਵਰੀ ਲਈ ਇੱਕ ਬਹੁਤ ਪ੍ਰਭਾਵਸ਼ਾਲੀ ਰਸਤਾ ਪ੍ਰਦਾਨ ਕਰਦਾ ਹੈ।

**ਸਭ ਤੋਂ ਫਾਸਟ ਆਹਮੋ-ਸਾਹਮਣੇ**

**RNI NO -PUNHIN0/2013/54688**

Printed by Surinder Kumar , Published by Surinder Kumar, Owned by Surinder Kumar & Printed at Dashmash Printers 178-179 Ranjit Nagar, Jalnadhar City, Published 87 Ranjit Nagar Near Bus Stand, Jalandhar, Punjab

**Editor Surinder Kumar (SK Saxena)**

Responsible for selection of News under the PRB ACT.
All Rights Reserved Reproduction in whole or in Part without Permission in Prohibited, All disputes shall be settled at Jalandhar Jurisdiction only
Faxt No. : 0181-5024001, Conact No : 0181-5077100

**ਜ਼ਰੂਰੀ ਸੂਚਨਾ**

ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਪ੍ਰਦਰਸ਼ਿਤ/ਵਰਗੀਕ੍ਰਿਤ) ਦੇ ਤੱਥਾਂ ਲਈ ਸਭ ਤੋਂ ਫਾਸਟ ਆਹਮੋ ਸਾਹਮਣੇ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਸਾਡਾ ਅਖ਼ਬਾਰ ਇਨ੍ਹਾਂ ਦੀ ਪੁਸ਼ਟੀ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਸਾਰੇ ਤੱਥਾਂ ਦੀ ਖੁਦ ਪੁਸ਼ਟੀ ਕਰਨ। - ਮੁੱਖ ਸੰਪਾਦਕ

# ਤਰਨਤਾਰਨ, ਮੋਗਾ, ਸ਼ਹੀਦ ਭਗਤ ਸਿੰਘ ਨਗਰ ਅਤੇ ਬਠਿੰਡਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਫਲਸਫੇ ਨੂੰ ਦਰਸਾਉਂਦੇ ਲਾਈਟ ਐਂਡ ਸਾਊਂਡ ਸ਼ੋਅ ਕਰਵਾਏ

## ਨੌਵੇਂ ਪਾਤਸ਼ਾਹ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ

ਮਨਦੀਪ ਕੌਰ

ਚੰਡੀਗੜ੍ਹ, : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਦੇ ਹਿੱਸੇ ਵਜੋਂ ਸੋਮਵਾਰ ਨੂੰ ਤਰਨਤਾਰਨ, ਮੋਗਾ, ਸ਼ਹੀਦ ਭਗਤ ਸਿੰਘ ਨਗਰ ਅਤੇ ਬਠਿੰਡਾ ਵਿਖੇ ਲਾਈਟ ਐਂਡ ਸਾਊਂਡ ਸ਼ੋਅ ਕਰਵਾਏ ਗਏ। ਇਨ੍ਹਾਂ ਸਮਾਗਮਾਂ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ, ਸੂਬੇ ਦੇ ਕੈਬਨਿਟ ਮੰਤਰੀਆਂ, ਵਿਧਾਇਕਾਂ ਅਤੇ ਸਥਾਨਕ ਆਗੂਆਂ ਨੇ ਵੱਡੀ ਗਿਣਤੀ ਸੰਗਤ ਸਮੇਤ ਹਾਜ਼ਰੀ ਭਰੀ। ਇੱਕ ਬੁਲਾਰੇ ਨੇ ਦੱਸਿਆ ਕਿ ਤਰਨਤਾਰਨ ਦੇ ਪੁਲਿਸ ਸਟੇਡੀਅਮ ਵਿਖੇ ਕਰਵਾਏ ਗਏ ਲਾਈਟ ਐਂਡ ਸਾਊਂਡ ਸ਼ੋਅ ਵਿੱਚ ਜੇਲ੍ਹ ਤੇ ਆਵਾਜਾਈ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਖੇਮਕਰਨ ਦੇ ਵਿਧਾਇਕ ਸਰਵਣ ਸਿੰਘ ਧੁਨ ਵੱਲੋਂ ਹਾਜ਼ਰੀ ਭਰੀ ਗਈ। ਇਸੇ ਤਰ੍ਹਾਂ ਨਵੀਂ ਅਨਾਜ ਮੰਡੀ ਮੋਗਾ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ ਲਾਈਟ ਐਂਡ ਸਾਊਂਡ ਸ਼ੋਅ ਦੌਰਾਨ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ, ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ, ਵਿਧਾਇਕ ਬਾਘਾਪੁਰਾਣਾ ਅੰਮ੍ਰਿਤਪਾਲ ਸਿੰਘ ਸੁਖਾਨੰਦ, ਵਿਧਾਇਕ



ਨਿਹਾਲ ਸਿੰਘ ਵਾਲਾ ਮਨਜੀਤ ਸਿੰਘ ਬਿਲਾਸਪੁਰ ਅਤੇ ਵਿਧਾਇਕ ਧਰਮਕੋਟ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਹਾਜ਼ਰੀ ਭਰੀ। ਸ਼ਹੀਦ ਭਗਤ ਸਿੰਘ ਨਗਰ ਦੇ ਆਈ.ਟੀ.ਆਈ. ਗਰਾਊਂਡ ਵਿਖੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸੰਗਤ ਸਮੇਤ ਹਾਜ਼ਰੀ ਭਰੀ। ਜਦਕਿ ਬਠਿੰਡਾ ਦੇ ਸ਼ਹੀਦ ਭਗਤ ਸਿੰਘ ਸਟੇਡੀਅਮ ਵਿਖੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਵਿਧਾਇਕ ਬਠਿੰਡਾ ਸ਼ਹਿਰੀ ਜਗਰੂਪ ਸਿੰਘ ਗਿੱਲ, ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ ਸ਼ਾਮਿਲ ਹੋਏ। ਇਨ੍ਹਾਂ ਲਾਈਟ ਐਂਡ ਸਾਊਂਡ ਸ਼ੋਅਜ਼ ਵਿੱਚ ਹਾਜ਼ਰੀ ਭਰਨ ਵਾਲੀ ਸੰਗਤ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ ਹੈ। ਲਾਈਟ ਐਂਡ ਸਾਊਂਡ ਸ਼ੋਅਜ਼ ਵਿੱਚ ਆਧੁਨਿਕ ਲੇਜ਼ਰ ਲਾਈਟਾਂ ਅਤੇ 3ਡੀ ਪ੍ਰੋਜੈਕਸ਼ਨ ਰਾਹੀਂ ਗੁਰੂ ਤੇਗ ਬਹਾਦਰ ਜੀ ਦੇ ਸਮੁੱਚੇ ਜੀਵਨ ਕਾਲ, ਫਲਸਫ਼ੇ, ਸਿੱਖਿਆਵਾਂ ਅਤੇ ਧਰਮ ਦੀ ਰੱਖਿਆ ਲਈ ਉਨ੍ਹਾਂ ਵੱਲੋਂ ਦਿੱਤੀ ਗਈ ਮਹਾਨ ਕੁਰਬਾਨੀ ਉੱਤੇ ਚਾਨਣਾ ਪਾਇਆ ਗਿਆ। ਜ਼ਿਕਰਯੋਗ ਹੈ ਕਿ ਅਖੀਰਲੇ ਪੜਾਅ ਦੇ ਲਾਈਟ ਐਂਡ ਸਾਊਂਡ ਸ਼ੋਅ 20 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ, ਮਾਲੇਰਕੋਟਲਾ ਅਤੇ ਮਾਨਸਾ ਵਿਖੇ ਕਰਵਾਏ ਜਾਣਗੇ।

# ਡੀਆਰਆਈ ਨੇ ਮੁੰਦਰਾ ਪੋਰਟ 'ਤੇ ਤਸਕਰੀ ਵਾਲੇ 5 ਕਰੋੜ ਰੁਪਏ ਦੀ ਕੀਮਤ ਦੇ ਪਟਾਕੇ ਜ਼ਬਤ ਕੀਤੇ; ਇੱਕ ਗ੍ਰਿਫਤਾਰ

ਐਸ. ਕੇ. ਸਕਸੈਨਾ

ਚੰਡੀਗੜ੍ਹ-ਡਾਇਰੈਕਟੋਰੇਟ ਆਫ਼ ਰੈਵੇਨਿਊ ਇੰਟੈਲੀਜੈਂਸ (ਡੀਆਰਆਈ) ਨੇ ਪਟਾਕਿਆਂ ਦੇ ਗ਼ੈਰ-ਕਾਨੂੰਨੀ ਆਯਾਤ ਨੂੰ ਰੋਕਣ ਲਈ ਆਪ੍ਰੇਸ਼ਨ 'ਫਾਇਰ ਟ ?ਰੇਲ' ਦੇ ਤਹਿਤ ਜਾਰੀ ਯਤਨ ਵਿੱਚ ਦੇਸ਼ ਵਿੱਚ ਚੀਨੀ ਪਟਾਕਿਆਂ ਅਤੇ ਪਟਾਕਿਆਂ ਦੇ ਗੈਰ-ਕਾਨੂੰਨੀ ਆਯਾਤ ਨਾਲ ਜੁੜੇ ਇੱਕ ਹੋਰ ਗੰਭੀਰ ਤਸਕਰੀ ਦੀ ਕੋਸ਼ਿਸ਼ ਨੂੰ ਸਫ਼ਲਤਾਪੂਰਨ ਨਾਕਾਮ ਕਰ ਦਿੱਤਾ ਹੈ। ਆਪ੍ਰੇਸ਼ਨ ਦੌਰਾਨ, ਡੀਆਰਆਈ ਅਧਿਕਾਰੀਆਂ ਨੇ ਮੁੰਦਰਾ ਪੋਰਟ 'ਤੇ ਚੀਨ ਤੋਂ ਆ ਰਹੇ ਇੱਕ 40 ਫੁੱਟ ਲੰਬਾ ਕੰਟੇਨਰ ਫੜਿਆ, ਜਿਸ ਬਾਰੇ ਦੱਸਿਆ ਗਿਆ ਕਿ ਉਸ ਵਿੱਚ 'ਗਿਲਾਸ ਸੈੱਟ' ਅਤੇ 'ਫਲਾਵਰ ਪੌਟ' ਹਨ। ਵਿਸਤ੍ਰਿਤ ਜਾਂਚ ਵਿੱਚ ਗਿਲਾਸ ਦੇ ਉਪਰਲੇ ਹਿੱਸੇ ਦੇ ਪਿੱਛੇ 30,000 ਪਟਾਕੇ /ਆਤਿਸ਼ਬਾਜ਼ੀ ਦੇ ਟੁਕੜੇ ਲੁਕਾਏ ਹੋਏ ਮਿਲੇ। ਇਸ ਤੋਂ ਪਹਿਲਾਂ, ਅਕਤੂਬਰ 2025 ਵਿੱਚ ਡੀਆਰਆਈ ਨੇ ਮੁੰਬਈ ਅਤੇ ਤੂਤੀਕੋਰਿਨ ਵਿੱਚ ਚੀਨੀ ਪਟਾਕਿਆਂ ਦੇ ਗੈਰ ਕਾਨੂੰਨੀ ਆਯਾਤ ਦੇ ਯਤਨਾਂ ਨੂੰ ਸਫ਼ਲਤਾਪੂਰਵਕ ਨਾਕਾਮ ਕਰ ਦਿੱਤਾ ਸੀ। ਵਿਦੇਸ਼ ਵਪਾਰ ਨੀਤੀ ਦੇ ਆਈਟੀਸੀ (ਐੱਚਐੱਸ) ਵਰਗੀਕਰਣ ਦੇ ਤਹਿਤ ਪਟਾਕਿਆਂ ਦਾ ਆਯਾਤ 'ਪ੍ਰਤਿਬੰਧਿਤ' ਹੈ ਅਤੇ ਇਸ ਲਈ ਵਿਸਫੋਟਕ ਨਿਯਮ, 2008 ਦੇ ਤਹਿਤ ਡਾਇਰੈਕਟੋਰੇਟ ਜਨਰਲ ਆਫ਼ ਫੌਰਨ ਟ ?ਰੇਡ (476") ਅਤੇ ਪੈਟਰੋਲੀਅਮ ਅਤੇ ਵਿਸਫੋਟਕ ਸੁਰੱਖਿਆ ਸੰਗਠਨ (ਪੀਈਐੱਸਓ) ਦੋਨਾਂ ਨੂੰ ਵੈਧ ਲਾਇਸੈਂਸਾਂ ਦੀ ਜ਼ਰੂਰਤ ਹੁੰਦੀ ਹੈ। ਆਯਾਤਕ ਕੋਲ ਆਯਾਤ ਦੇ ਸਮਰਥਨ ਵਿੱਚ ਕੋਈ ਵੈਧ ਦਸਤਾਵੇਜ਼ ਨਹੀਂ ਸਨ ਅਤੇ ਉਸ ਨੇ ਸਵੀਕਾਰ ਕੀਤਾ ਕੀ ਮਾਲ ਦੀ ਤਸਕਰੀ ਆਰਥਿਕ ਲਾਭ ਲਈ ਕੀਤੀ ਗਈ ਹੈ। ਇਸ ਅਨੁਸਾਰ, ਤਸਕਰੀ ਕੀਤੇ ਗਏ ਚੀਨੀ ਪਟਾਕਿਆਂ ਨੂੰ ਉਨ੍ਹਾਂ ਦੇ ਕਵਰ ਕਾਰਗੋ/ਮਾਲ ਸਮੇਤ 15.11.2025 ਨੂੰ ਕਸਟਮ ਐਕਟ, 1962




ਦੇ ਤਹਿਤ ਜ਼ਬਤ ਕਰ ਲਿਆ ਗਿਆ, ਇਸ ਦੀ ਅਨੁਮਾਨਿਤ ਕੀਮਤ 5 ਕਰੋੜ ਰੁਪਏ ਹੈ। ਇਸ ਲੈਣ-ਦੇਣ ਵਿੱਚ ਸਾਜਿਸ਼ਕਰਤਾ-ਸਹਿ-ਵਿੱਤਪੋਸ਼ਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਅਜਿਹੇ ਖਤਰਨਾਕ ਸਮਾਨ ਦਾ ਗੈਰ-ਕਾਨੂੰਨੀ ਆਯਾਤ ਜਨਤਕ ਸੁਰੱਖਿਆ, ਰਾਸ਼ਟਰੀ ਸੁਰੱਖਿਆ, ਮਹੱਤਵਪੂਰਨ ਪੋਰਟ ਇਨਫ ?ਰਾਸਟ ?ਰਕਚਰ ਅਤੇ ਵਿਆਪਕ ਸ਼ਿਪਿੰਗ ਅਤੇ ਲੌਜਿਸਟਿਕਸ ਚੇਨ ਲਈ ਗੰਭੀਰ ਜੋਖਮ ਪੈਦਾ ਕਰਦਾ ਹੈ। ਡੀਆਰਆਈ ਅਜਿਹੇ ਸੰਗਠਿਤ ਤਸਕਰੀ ਨੈੱਟਵਰਕ ਦਾ ਪਤਾ ਲਗਾ ਕੇ ਉਨ੍ਹਾਂ ਨੂੰ ਖਤਮ ਕਰਕੇ, ਖਤਰਨਾਕ ਤਸਕਰੀ ਨਾਲ ਜਨਤਾ ਦੀ ਸੁਰੱਖਿਆ ਅਤੇ ਦੇਸ਼ ਦੀ ਵਪਾਰ ਅਤੇ ਸੁਰੱਖਿਆ ਪ੍ਰਣਾਲੀ ਦੀ ਅਖੰਡਤਾ ਨੂੰ ਬਣਾਏ ਰੱਖਣ ਦੇ ਆਪਣੇ ਮਿਸ਼ਨ 'ਤੇ ਅੱਟਲ ਹੈ।

# ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ, ਪੰਜਾਬ ਨੇ ਦੋ-ਦਿਨਾਂ ਆਰਥੋਪੈਡਿਕ ਓਨਕੋਲੋਜੀ ਕਾਨਫਰੰਸ ਦੀ ਮੇਜ਼ਬਾਨੀ ਕੀਤੀ

ਕੈਪਟਨ ਸੁਭਾਸ਼ ਚੰਦਰ

ਚੰਡੀਗੜ੍ਹ, ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ (HBCH&RC), ਪੰਜਾਬ ਨੇ ਆਪਣੇ ਨਿਊ ਚੰਡੀਗੜ੍ਹ ਕੈਂਪਸ ਵਿਖੇ ਆਰਥੋਪੈਡਿਕ ਓਨਕੋਲੋਜੀ 'ਤੇ ਦੋ-ਦਿਨਾਂ ਕਾਨਫਰੰਸ ਦਾ ਸਫਲਤਾਪੂਰਵਕ ਆਯੋਜਨ ਕੀਤਾ। ਇਸ ਸਮਾਗਮ ਨੇ ਦੇਸ਼ ਭਰ ਦੇ ਮਾਸਪੇਸ਼ੀਆਂ ਦੇ ਓਨਕੋਲੋਜੀ ਦੇ ਖੇਤਰ ਵਿੱਚ ਬਹੁਤ ਸਾਰੇ ਉੱਘੇ ਮਾਹਰਾਂ ਨੂੰ ਆਪਣੇ ਗਿਆਨ, ਨਵੀਨਤਮ ਖੋਜ ਅਤੇ ਕਲੀਨਿਕਲ ਤਜ਼ਰਬਿਆਂ ਨੂੰ ਸਾਂਝਾ ਕਰਨ ਲਈ ਇਕੱਠਾ ਕੀਤਾ। ਵਿਆਪਕ ਵਿਗਿਆਨਿਕ ਏਜੰਡਾ ਹੱਡੀਆਂ ਦੇ ਟਿਊਮਰ, ਸੁਭਾਵਿਕ ਅਤੇ ਖਤਰਨਾਕ ਦੋਵਾਂ ਦੇ ਨਿਦਾਨ ਅਤੇ ਪ੍ਰਬੰਧਨ ਦੀ ਵਿਸਤ੍ਰਿਤ ਸਮੀਖਿਆ 'ਤੇ ਕੇਂਦ੍ਰਿਤ ਸੀ। ਭਾਗੀਦਾਰਾਂ ਨੇ ਇਲਾਜ ਦੇ ਮੁਲਾਂਕਣ ਅਤੇ ਯੋਜਨਾਬੰਦੀ ਵਿੱਚ ਇਮੇਜ਼ਿੰਗ ਅਤੇ ਹਿਸਟੋਪੈਥੋਲੌਜੀ ਦੀ ਮਹੱਤਵਪੂਰਨ ਸਮਝ ਪ੍ਰਾਪਤ ਕੀਤੀ। ਸੈਸ਼ਨਾਂ ਨੇ ਅਸਲ-ਸੰਸਾਰ ਦੇ ਦ੍ਰਿਸ਼ਾਂ ਦੇ ਅਧਾਰ ਤੇ ਢੁਕਵੀਂ ਦਖਲਅੰਦਾਜ਼ੀ ਦੀ ਯੋਜਨਾ ਬਣਾਉਣ 'ਤੇ ਵਿਵਹਾਰਕ ਮਾਰਗਦਰਸ਼ਨ ਦੀ ਪੇਸ਼ਕਸ਼ ਕੀਤੀ, ਜਿਸ ਵਿੱਚ ਕੇਸ-ਅਧਾਰਿਤ ਵਿਚਾਰ-ਵਟਾਂਦਰੇ ਅਤੇ ਬਹੁ-ਅਨੁਸ਼ਾਸਨੀ ਟਿਊਮਰ ਦੇਖਭਾਲ ਦੀ ਡੂੰਘਾਈ ਨਾਲ ਸਮਝ ਲਈ ਵੱਖ-ਵੱਖ ਵਿਸ਼ੇਸ਼ਤਾਵਾਂ ਦੇ ਮਾਹਰਾਂ ਨਾਲ ਇੰਟਰਐਕਟਿਵ ਸਵਾਲ-ਜਵਾਬ ਸ਼ਾਮਲ ਸਨ । ਇਸ ਤੋਂ ਇਲਾਵਾ, ਕਾਨਫਰੰਸ ਨੇ ਉੱਭਰ ਰਹੇ ਰੁਝਾਨਾਂ, ਜਿਵੇਂ ਕਿ ਉੱਨਤ ਅੰਗ ਬਚਾਓ ਤਕਨੀਕਾਂ ਅਤੇ ਗੁੰਝਲ ਦਾਰ ਹੱਡੀਆਂ ਦੇ ਟਿਊਮਰ ਪ੍ਰਬੰਧਨ ਲਈ ਐਕਸਟ ?ਰਾਕਾਰਪੋਰੀਅਲ ਇਰੀਡੀਏਸ਼ਨ ਦੀ ਵਰਤੋਂ ਦਾ ਸਾਹਮਣਾ ਕੀਤਾ। ,ਡਾ. (ਪ੍ਰੋਫੈਸਰ) ਆਸ਼ੀਸ਼ ਗੁਲੀਆ, HBCH&RC ਪੰਜਾਬ ਦੇ ਡਾਇਰੈਕਟਰ, ਜੋ ਕਿ IMSOS (ਦ ਇੰਡੀਅਨ ਮਸਕੂਲੋ ਸਕੈਲੇਟਲ ਓਨਕੋਲੋਜੀ ਸੋਸਾਇਟੀ) ਦੇ ਪ੍ਰਧਾਨ ਵਜੋਂ ਵੀ ਕੰਮ ਕਰਦੇ ਹਨ, ਨੇ ਹੱਡੀਆਂ ਅਤੇ ਨਰਮ ਟਿਸ਼ੂ ਟਿਊਮਰ ਵਾਲੇ ਮਰੀਜ਼ਾਂ ਲਈ ਬਹੁ-ਅਨੁਸ਼ਾਸਨੀ ਦੇਖਭਾਲ ਨੂੰ ਅੱਗੇ ਵਧਾਉਣ ਵਿੱਚ ਅਜਿਹੀਆਂ ਵਿਗਿਆਨਕ ਮੀਟਿੰਗਾਂ ਦੀ ਮਹੱਤਤਾ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਸਬੂਤ-ਅਧਾਰਿਤ, ਤਾਲਮੇਲਪੂਰਨ ਦੇਖਭਾਲ



ਰਾਹੀਂ ਮਰੀਜ਼ਾਂ ਦੇ ਨਤੀਜਿਆਂ ਨੂੰ ਵਧਾਉਣ ਲਈ ਡਾਕਟਰਾਂ, ਰੇਡੀਓਲੋਜਿਸਟਾਂ ਅਤੇ ਪੈਥੋਲੋਜਿਸਟਾਂ ਵਿਚਕਾਰ ਨਿਰੰਤਰ ਸਹਿਯੋਗ ਦੀ ਲੋੜ 'ਤੇ ਜ਼ੋਰ ਦਿੱਤਾ। ਕਾਨਫ਼ਰੰਸ ਭਾਗੀਦਾਰਾਂ ਦੇ ਸਕਾਰਾਤਮਕ ਫੀਡਬੈਕ ਨਾਲ ਸਮਾਪਤ ਹੋਈ, ਜਿਨ੍ਹਾਂ ਨੇ ਵਿਗਿਆਨਿਕ ਵਿਚਾਰ-ਵਟਾਂਦਰੇ ਦੀ ਗੁਣਵੱਤਾ ਅਤੇ ਸਾਥੀਆਂ ਅਤੇ ਮੋਹਰੀ ਮਾਹਰਾਂ ਨਾਲ ਗਿਆਨ ਦਾ ਅਦਾਨ-ਪ੍ਰਦਾਨ ਕਰਨ ਦੇ ਮੌਕੇ ਦੀ ਸ਼ਲਾਘਾ ਕੀਤੀ। ਪੰਜਾਬ ਅਤੇ ਗੁਆਂਢੀ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਵਸਨੀਕਾਂ ਨੂੰ ਵਿਸ਼ਵ ਪੱਧਰੀ ਕੈਂਸਰ ਦੇਖਭਾਲ ਪ੍ਰਦਾਨ ਕਰਨ ਦੇ ਯਤਨਾਂ ਵਿੱਚ, ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਅਗਸਤ, 2022 ਵਿੱਚ ਮੁੱਲਾਂਪੁਰ, ਨਿਊ ਚੰਡੀਗੜ੍ਹ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹਾ, ਮੋਹਾਲੀ ਵਿਖੇ 'ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ' ਰਾਸ਼ਟਰ ਨੂੰ ਸਮਰਪਿਤ ਕੀਤਾ ਸੀ। ਇਹ ਹਸਪਤਾਲ ਭਾਰਤ ਸਰਕਾਰ ਦੇ ਪਰਮਾਣੂ ਊਰਜਾ ਵਿਭਾਗ ਅਧੀਨ ਇੱਕ ਸਹਾਇਤਾ ਪ੍ਰਾਪਤ ਸੰਸਥਾ, ਟਾਟਾ ਮੈਮੋਰੀਅਲ ਸੈਂਟਰ ਦੁਆਰਾ 660 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਬਣਾਇਆ ਗਿਆ ਸੀ। ਕੈਂਸਰ ਹਸਪਤਾਲ 300 ਬੈੱਡਾਂ ਦੀ ਸਮਰੱਥਾ ਵਾਲਾ ਇੱਕ ਤੀਜੇ ਦਰਜੇ ਦਾ ਦੇਖਭਾਲ ਹਸਪਤਾਲ ਹੈ। ਇਹ ਸਰਜਰੀ, ਰੇਡੀਓਥੈਰੇਪੀ, ਕੀਮੋਥੈਰੇਪੀ, ਇਮਿਊਨੋਥੈਰੇਪੀ ਅਤੇ ਬੋਨ ਮੈਰੋ ਟ ?ਰਾਂਸਪਲਾਂਟ ਵਰਗੇ ਹਰ ਉਪਲਬਧ ਇਲਾਜ ਦੇ ਢੰਗ ਦੀ ਵਰਤੋਂ ਕਰਕੇ ਹਰ ਕਿਸਮ ਦੇ ਕੈਂਸਰ ਦਾ ਇਲਾਜ ਕਰਨ ਲਈ ਆਧੁਨਿਕ ਸਹੂਲਤਾਂ ਨਾਲ ਲੈਸ ਹੈ। ਇਹ ਹਸਪਤਾਲ ਖੇਤਰ ਵਿੱਚ ਕੈਂਸਰ ਦੀ ਦੇਖਭਾਲ ਅਤੇ ਇਲਾਜ ਦੇ 'ਹੱਬ' ਵਜੋਂ ਕੰਮ ਕਰਦਾ ਹੈ, ਸੰਗਰੂਰ ਵਿੱਚ 150 ਬੈੱਡਾਂ ਵਾਲਾ ਹਸਪਤਾਲ ਇਸ ਦੇ 'ਸਪੋਕਸ' ਵਜੋਂ ਕੰਮ ਕਰਦਾ ਹੈ।

# ਪੰਜਾਬ ਸਰਕਾਰ ਡਰੇਨਾਂ ਅਤੇ ਚਿੱਟੀ ਵੇਈਂ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਵਚਨਬੱਧ : ਸੰਤ ਸੀਚੇਵਾਲ

## ਰਾਜ ਸਭਾ ਮੈਂਬਰ ਨੇ ਕਾਲਾ ਸੰਘਿਆ ਡਰੇਨ, ਜਮਸ਼ੇਰ ਡਰੇਨ ਤੇ ਚਿੱਟੀ ਵੇਈਂ 'ਚ ਗੰਦੇ ਪਾਣੀ ਦੀ ਨਿਕਾਸੀ ਰੋਕਣ ਲਈ ਸਖ਼ਤ ਹਦਾਇਤਾਂ ਕੀਤੀਆਂ ਜਾਰੀ

ਰਮਨ ਕੁਮਾਰ

ਜਲੰਧਰ, : ਰਾਜ ਸਭਾ ਮੈਂਬਰ ਅਤੇ ਪ੍ਰਸਿੱਧ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਡਰੇਨਾਂ ਅਤੇ ਚਿੱਟੀ ਵੇਈਂ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਕਾਲਾ ਸੰਘਿਆ ਤੇ ਜਮਸ਼ੇਰ ਡਰੇਨ ਅਤੇ ਚਿੱਟੀ ਵੇਈਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਨੂੰ ਰੋਕਣ ਲਈ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਰਾਜ ਸਭਾ ਮੈਂਬਰ ਨੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਕਮਿਸ਼ਨਰ ਨਗਰ ਨਿਗਮ ਜਲੰਧਰ ਸੰਦੀਪ ਰਿਸ਼ੀ ਸਮੇਤ ਡਰੇਨਾਂ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਅਤੇ ਸ਼ਹਿਰ ਵਿੱਚ ਐਸ.ਟੀ.ਪੀਜ਼ ਦੀ ਕਾਰਗੁਜ਼ਾਰੀ ਦੀ ਸਮੀਖਿਆ ਸਬੰਧੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸੀਵਰੇਜ ਟ ?ਰੀਟਮੈਂਟ ਪਲਾਂਟਾਂ ਦੇ ਸੌ ਫੀਸਦੀ ਸੰਚਾਲਨ 'ਤੇ ਜ਼ੋਰ ਦਿੱਤਾ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਸੀਵਰੇਜ ਟ ?ਰੀਟਮੈਂਟ ਪਲਾਂਟਾ ਦੇ ਸੰਚਾਲਨ 'ਤੇ ਨੇੜਿਓਂ ਨਜ਼ਰ ਰੱਖਣ ਲਈ ਨਿਯਮਿਤ ਚੈਕਿੰਗ ਯਕੀਨੀ ਬਣਾਈ ਜਾਵੇ ਅਤੇ ਟ ?ਰੀਟਮੈਂਟ ਪਲਾਂਟ ਨਾ ਚੱਲਣ 'ਤੇ ਸਬੰਧਤ ਅਧਿਕਾਰੀ ਦੀ ਜਵਾਬਦੇਹੀ ਤੈਅ ਕੀਤੀ ਜਾਵੇ। ਉਨ੍ਹਾਂ ਡਰੇਨਾਂ ਵਿੱਚ ਸੀਵਰੇਜ ਵੇਸਟ ਦੇ ਸਿੱਧੇ ਪ੍ਰਵਾਹ ਨੂੰ ਰੋਕਣ ਲਈ ਅਧਿਕਾਰੀਆਂ ਨੂੰ ਨਿਗਰਾਨ ਕਮੇਟੀਆਂ ਦਾ ਗਠਨ ਕਰਨ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨੂੰ ਬਾਈਪਾਸ ਬੰਦ ਕਰਨ ਦੀਆਂ ਹਦਾਇਤਾਂ ਦਿੱਤੀਆਂ ਤਾਂ ਜੋ ਡਰੇਨ ਵਿੱਚ ਸਿਰਫ਼ ਸੋਧਿਆ ਪਾਣੀ ਜਾਣ ਨੂੰ ਯਕੀਨੀ ਬਣਾਇਆ ਜਾ ਸਕੇ। ਕਾਲਾ ਸੰਘਿਆ ਡਰੇਨ ਵਿੱਚ ਪਾਣੀ ਛੱਡਣ ਦੇ ਕੰਮ ਦਾ ਜਾਇਜ਼ਾ ਲੈਂਦਿਆਂ ਸੰਤ ਸੀਚੇਵਾਲ ਨੇ ਡਰੇਨੇਜ਼ ਵਿਭਾਗ ਅਤੇ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਨੂੰ ਡਰੇਨ ਦਾ ਸਾਂਝੇ ਤੌਰ 'ਤੇ ਦੌਰਾ




ਕਰਨ ਲਈ ਕਿਹਾ ਤਾਂ ਜੋ ਇਸ ਵਿੱਚ ਆ ਰਹੀ ਤਕਨੀਕੀ ਰੁਕਾਵਟ ਨੂੰ ਜਲਦ ਤੋਂ ਜਲਦ ਦੂਰ ਕਰਕੇ 100 ਕਿਊਸਿਕ ਪਾਣੀ ਛੱਡਣ ਦਾ ਰਾਹ ਪੱਧਰਾ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਡਰੇਨ ਵਿੱਚ ਪੱਥਰ ਲੱਗਣ ਦੇ ਨਾਲ-ਨਾਲ ਪਾਣੀ ਛੱਡਣ ਲਈ ਚੈਨਲ ਦੇ ਨਿਰਮਾਣ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਰਾਜ ਸਭਾ ਮੈਂਬਰ ਨੇ ਬਸਤੀ ਪੀਰਦਾਦ ਦੇ ਸੀਵਰੇਜ ਟ ?ਰੀਟਮੈਂਟ ਪਲਾਂਟ ਤੋਂ ਖੇਤੀ ਲਈ ਸੋਧਿਆ ਪਾਣੀ ਸਪਲਾਈ ਕਰਨ ਦੇ ਪ੍ਰਾਜੈਕਟ ਦਾ ਵੀ ਜਾਇਜ਼ਾ ਲਿਆ। ਅਧਿਕਾਰੀਆਂ ਨੇ ਜਾਣੂ ਕਰਵਾਇਆ ਕਿ ਇਸ ਸਬੰਧੀ ਪਾਈ ਗਈ ਪਾਈਪਲਾਈਨ ਦੀ ਟੈਸਟਿੰਗ ਦਾ ਕੰਮ ਚੱਲ ਰਿਹਾ ਹੈ। ਸੰਤ ਸੀਚੇਵਾਲ ਨੇ ਅਧਿਕਾਰੀਆਂ ਨੂੰ ਟੈਸਟਿੰਗ ਦੇ ਕੰਮ ਵਿੱਚ ਤੇਜ਼ੀ ਲਿਆਉਂਦਿਆਂ ਇਸ ਨੂੰ 15 ਦਿਨਾਂ ਵਿੱਚ ਮੁਕੰਮਲ ਕਰਕੇ ਖੇਤਾਂ ਤੱਕ ਸੋਧਿਆ ਪਾਣੀ ਪੁੱਜਦਾ ਕਰਨ ਦੀਆਂ ਹਦਾਇਤਾਂ ਕੀਤੀਆਂ। ਰਾਜ ਸਭਾ ਮੈਂਬਰ ਨੇ ਮੀਟਿੰਗ ਦੌਰਾਨ ਵਰਿਆਣਾ ਬਾਇਓ ਰੈਮੇਡੀਏਸ਼ਨ ਪ੍ਰਾਜੈਕਟ ਦੀ ਪ੍ਰਗਤੀ ਅਤੇ ਜਮਸ਼ੇਰ ਵਿਖੇ ਬਾਇਓ ਗੈਸ ਪਲਾਂਟ ਸਬੰਧੀ ਚੱਲ ਰਹੀ ਪ੍ਰਕਿਰਿਆ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਨਗਰ ਨਿਗਮ ਜਲੰਧਰ ਨੂੰ ਕਿਹਾ ਕਿ ਦਿਸ਼ਾ-ਨਿਰਦੇਸ਼ ਅਨੁਸਾਰ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾਵੇ । ਇਸ ਤੋਂ ਇਲਾਵਾ ਉਨ੍ਹਾਂ ਅਧਿਕਾਰੀਆਂ ਨੂੰ ਜਮਸ਼ੇਰ ਅਤੇ ਬੰਬੀਆਂ ਵਾਲਾ ਸਥਿਤ ਟ ?ਰੀਟਮੈਂਟ ਪਲਾਂਟਾ ਦਾ ਸੋਧਿਆ ਪਾਣੀ ਵੀ ਖੇਤੀ ਲਈ ਸਪਲਾਈ ਕਰਨ ਲਈ ਸੰਭਾਵਨਾਵਾਂ ਤਲਾਸ਼ਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਪਹਿਲਾਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਨਗਰ ਨਿਗਮ ਜਲੰਧਰ ਦੇ ਕਮਿਸ਼ਨਰ ਸੰਦੀਪ ਰਿਸ਼ੀ, ਆਪ ਆਗੂ ਰਾਜਵਿੰਦਰ ਕੌਰ ਥਿਆੜਾ ਅਤੇ ਹੋਰ ਅਧਿਕਾਰੀਆਂ ਨਾਲ ਫੋਲੜੀਵਾਲ ਅਤੇ ਜਮਸ਼ੇਰ ਸਥਿਤ ਟ ?ਰੀਟਮੈਂਟ ਪਲਾਂਟਾ ਦਾ ਦੌਰਾ ਕਰਦਿਆਂ ਇਨ੍ਹਾਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਮੌਕੇ 'ਤੇ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਪੁਲਿਸ ਨਰੇਸ਼ ਡੋਗਰਾ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਵਦੀਪ ਕੌਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।



# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਦੇ ਸਵਾਗਤ ਦੀਆਂ ਤਿਆਰੀਆਂ ਤੇ ਪ੍ਰਬੰਧਾਂ ਦਾ ਲਿਆ ਜਾਇਜ਼ਾ

ਪੰਕਜ

ਜਲੰਧਰ-ਸੀਨੀਅਰ ਆਈ.ਏ.ਐਸ. ਅਧਿਕਾਰੀ ਕਮਲਪ੍ਰੀਤ ਕੌਰ ਬਰਾੜ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਸੈਰ ਸਪਾਟਾ ਵਿਭਾਗ ਦੇ ਡਾਇਰੈਕਟਰ ਸੰਜੀਵ ਤਿਵਾੜੀ ਨੇ ਅੱਜ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ 350ਵੇਂ ਵਰ੍ਹੇ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਜਲੰਧਰ ਵਿਖੇ ਆਉਣ ਵਾਲੇ ਨਗਰ ਕੀਰਤਨ ਦੇ ਸ਼ਾਨਦਾਰ ਸਵਾਗਤ ਅਤੇ ਠਹਿਰਾਅ ਸਬੰਧੀ ਤਿਆਰੀਆਂ ਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਅਧਿਕਾਰੀਆਂ ਨੇ ਦੱਸਿਆ ਕਿ ਗੁਰੂ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਗੁਰਦਾਸਪੁਰ ਤੋਂ ਚੱਲ ਕੇ 21 ਨਵੰਬਰ ਨੂੰ ਜਲੰਧਰ ਵਿਚ ਪ੍ਰਵੇਸ਼ ਕਰੇਗਾ ਅਤੇ ਰਾਤ ਨੂੰ ਗੁਰਦੁਆਰਾ ਸੰਤਗੜ੍ਹ ਸਾਹਿਬ ਜਲੰਧਰ ਸ਼ਹਿਰ ਵਿਖੇ ਵਿਸ਼ਰਾਮ ਕਰੇਗਾ। 21 ਨਵੰਬਰ ਨੂੰ ਇਸੇ ਦਿਨ ਗੁਰਦੁਆਰਾ ਸੰਤਗੜ੍ਹ ਸਾਹਿਬ ਵਿਖੇ ਵਿਸ਼ੇਸ਼ ਦੀਵਾਨ ਵੀ ਸਜਾਏ ਜਾਣਗੇ, ਜਿਸ ਵਿੱਚ ਪੰਥ ਪ੍ਰਸਿੱਧ ਰਾਗੀ ਜਥੇ ਕਥਾਵਾਚਕ ਸੰਗਤਾਂ ਨੂੰ ਕਥਾ ਕੀਰਤਨ ਨਾਲ ਨਿਹਾਲ ਕਰਨਗੇ। ਉਨ੍ਹਾਂ ਦੱਸਿਆ ਕਿ ਨਗਰ ਕੀਰਤਨ 22 ਨਵੰਬਰ ਸਵੇਰੇ 8 ਵਜੇ ਗੁਰਦੁਆਰਾ ਸੰਤਗੜ੍ਹ ਸਾਹਿਬ ਤੋਂ ਚੱਲ ਕੇ ਸ਼ਹਿਰ ਦੇ ਪ੍ਰਮੁੱਖ ਸਥਾਨਾਂ ਤੋਂ ਹੁੰਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਵੱਲ ਚਾਲੇ ਪਾਵੇਗਾ। ਉਨ੍ਹਾਂ ਦੱਸਿਆ ਕਿ ਨਗਰ ਕੀਰਤਨ ਦੇ ਸ਼ਾਨਦਾਰ ਅਤੇ ਸ਼ਰਧਾਪੂਰਵਕ ਸਵਾਗਤ ਲਈ ਵੱਡੇ ਪੱਧਰ 'ਤੇ ਪ੍ਰਬੰਧ ਕੀਤੇ ਜਾ ਰਹੇ ਹਨ। ਇਸ ਮੌਕੇ ਅਸਥਾਨ ਦੇ ਮੁਖੀ ਸੰਤ ਬਾਬਾ ਭਗਵਾਨ ਸਿੰਘ ਜੀ ਹਰਖੋਵਾਲੀਏ, ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ, ਐਸ.ਡੀ.ਐਮ. ਰਣਦੀਪ ਸਿੰਘ ਹੀਰ, ਜੁਆਇੰਟ ਕਮਿਸ਼ਨਰ ਨਗਰ ਨਿਗਮ ਸੁਮਨਦੀਪ ਕੌਰ, ਏ.ਡੀ.ਸੀ.ਪੀ. ਸੁਖਜਿੰਦਰ ਸਿੰਘ, ਏ.ਸੀ.ਪੀ. ਟ ?ਰੈਫਿਕ ਜਸਜੋਤ ਸਿੰਘ, ਏ.ਸੀ.ਪੀ. ਮਨਮੋਹਨ ਸਿੰਘ, ਆਤਮ ਪ੍ਰਕਾਸ਼ ਸਿੰਘ ਬਬਲੂ, ਆਈ.ਐਸ. ਬੱਗਾ, ਨਰਿੰਦਰ ਸਿੰਘ, ਜਤਿੰਦਰ ਸਿੰਘ, ਬਲਦੇਵ ਸਿੰਘ ਸਮੇਤ ਪ੍ਰਸ਼ਾਸਨ ਦੇ ਅਧਿਕਾਰੀ ਅਤੇ ਸਿੱਖ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।



# ਨੌਵੇਂ ਪਾਤਸ਼ਾਹ ਦੇ 350ਵੇਂ ਸ਼ਹੀਦੀ ਦਿਹਾੜੇ ਸਬੰਧੀ ਸ੍ਰੀਨਗਰ ਤੋਂ ਅਰੰਭ ਹੋਏ ਨਗਰ ਕੀਰਤਨ ਦਾ ਸੰਗਤ ਅਤੇ ਮੁਕਾਮੀ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਥਾਂ-ਥਾਂ ਸਵਾਗਤ



**ਐਸ. ਕੇ. ਸਕਸੈਨਾ**

ਜੰਮੂ/ਚੰਡੀਗੜ੍ਹ, : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਸਬੰਧੀ ਜੰਮੂ-ਕਸ਼ਮੀਰ ਦੀ ਰਾਜਧਾਨੀ ਸ੍ਰੀਨਗਰ ਸਥਿਤ ਗੁਰਦੁਆਰਾ ਪਾਤਸ਼ਾਹੀ ਛੇਵੀਂ ਤੋਂ ਅਰੰਭ ਹੋਏ ਨਗਰ ਕੀਰਤਨ ਦੇ ਪਹਿਲੇ ਪੜਾਅ ਤਹਿਤ ਕਰੀਬ 250 ਕਿਲੋਮੀਟਰ ਦਾ ਸਫ਼ਰ ਤੈਅ ਕਰਨ ਵਾਲੇ ਨਗਰ ਕੀਰਤਨ ਦਾ ਰਸਤੇ ਵਿੱਚ ਥਾਂ-ਥਾਂ 'ਤੇ ਸੰਗਤ ਅਤੇ ਮੁਕਾਮੀ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਵਾਗਤ ਕੀਤਾ ਗਿਆ। ਜ਼ਿਲ੍ਹਾ ਕੁਲਗਾਮ ਦੇ ਸਿੱਖ ਆਬਾਦੀ ਵਾਲੇ ਪਿੰਡ ਪਾਲਪੁਰਾ ਦੀ ਸੰਗਤ ਸਣੇ ਐਸ.ਐਸ.ਪੀ. ਟ ?ਰੈਫਿਕ ਕਸ਼ਮੀਰ ਪ੍ਰੋਵਿੰਸ ਰਵਿੰਦਰ ਪਾਲ ਸਿੰਘ, ਐਡੀਸ਼ਨਲ ਡਿਪਟੀ ਕਮਿਸ਼ਨਰ ਅਨੰਤਨਾਗ ਸੰਦੀਪ ਸਿੰਘ ਬਾਲੀ, ਐਸ.ਡੀ.ਐਮ. ਡੂਰੂ ਪ੍ਰਵੇਜ਼ ਰਹੀਮ, ਤਹਿਸੀਲਦਾਰ ਕਾਜ਼ੀਗੁੰਡ ਸੱਜਾਦ ਅਹਿਮਦ ਨੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ। ਸੰਗਤਾਂ ਵਲੋਂ ਗੁਰੂ ਸਾਹਿਬ ਨੂੰ ਸੁੰਦਰ ਰੁਮਾਲੇ ਭੇਟ ਕੀਤੇ ਗਏ ਅਤੇ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਲਈ ਚਾਹ ਅਤੇ ਫਲਾਂ ਦਾ ਲੰਗਰ ਲਗਾਇਆ ਗਿਆ। ਇਸ ਤੋਂ ਬਾਅਦ ਜ਼ਿਲ੍ਹਾ ਅਨੰਤਨਾਗ ਦੇ ਪਿੰਡ ਕਾਜ਼ੀਗੁੰਡ ਵਿਖੇ ਸੰਗਤ ਵੱਲੋਂ ਲੰਗਰ ਦਾ ਪ੍ਰਬੰਧ ਕੀਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਰਾਮਬਨ ਵਲੋਂ ਚੰਦਰਪੁਰ ਵਿਖੇ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ ਅਤੇ ਸੰਗਤ ਲਈ ਚਾਹ ਅਤੇ ਪਕੌੜਿਆਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਅਲਿਆਜ਼ ਖ਼ਾਨ, ਐਸ.ਐਸ.ਪੀ. ਟ ?ਰੈਫਿਕ ਆਦਿਲ ਹਮੀਦ, ਵਧੀਕ ਡਿਪਟੀ ਕਮਿਸ਼ਨਰ ਵਰੁਣਜੀਤ ਚਾੜਕ, ਏ.ਸੀ.ਐਸ. ਸ਼ੌਕਤ ਮੱਟੂ, ਵਧੀਕ ਐਸ.ਪੀ. ਮੁਜੀਬ-ਉਰ-ਰਹਿਮਾਨ, ਤਹਿਸੀਲਦਾਰ ਦੀਪ ਕੁਮਾਰ ਹਾਜ਼ਰ ਸਨ। ਇਸੇ ਦੌਰਾਨ ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਮਬਨ ਵਲੋਂ ਵੀ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ। ਜੰਮੂ-ਕਸ਼ਮੀਰ ਪ੍ਰਸ਼ਾਸਨ ਵਲੋਂ ਨਗਰ ਕੀਰਤਨ ਲਈ ਉਚੇਚੇ ਟ ?ਰੈਫਿਕ ਪ੍ਰਬੰਧਾਂ ਸਣੇ ਅੱਗ ਬੁਝਾਊ ਟੀਮਾਂ ਅਤੇ ਐਂਬੂਲੈਂਸ ਤੇ ਮੈਡੀਕਲ ਸਟਾਫ਼ ਆਦਿ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ। ਦੱਸ ਦੇਈਏ ਕਿ ਸ੍ਰੀਨਗਰ ਤੋਂ ਸਜਾਇਆ ਜਾ ਰਿਹਾ ਨਗਰ ਕੀਰਤਨ 22 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਪਹੁੰਚਣ ਤੱਕ ਕੁੱਲ 544 ਕਿਲੋਮੀਟਰ ਦੀ ਦੂਰੀ ਤੈਅ ਕਰੇਗਾ। ਅਗਲੇ ਪੜਾਅ ਤਹਿਤ ਨਗਰ ਕੀਰਤਨ ਜੰਮੂ ਤੋਂ ਰਵਾਨਾ ਹੋ ਕੇ 20 ਨਵੰਬਰ ਨੂੰ ਪਠਾਨਕੋਟ ਵਿਖੇ ਠਹਿਰਾਅ ਕਰੇਗਾ, ਜਦਕਿ 21 ਨਵੰਬਰ ਨੂੰ ਹੁਸ਼ਿਆਰਪੁਰ ਵਿਖੇ ਨਗਰ ਕੀਰਤਨ ਦਾ ਠਹਿਰਾਅ ਹੋਵੇਗਾ।

# ਸੰਚਾਰ ਮੰਤਰਾਲੇ, ਦੂਰਸੰਚਾਰ ਵਿਭਾਗ ਦੇ ਫੀਲਡ ਦਫ਼ਤਰ ਸੀ.ਸੀ.ਏ. ਪੰਜਾਬ, ਚੰਡੀਗੜ੍ਹ ਨੇ 17.11.2025 ਨੂੰ ਅੰਮ੍ਰਿਤਸਰ ਵਿਖੇ ਜੀਵਨ ਸਰਟੀਫਿਕੇਟ ਅੱਪਡੇਟ ਅਤੇ ਜਾਗਰੂਕਤਾ ਗਤੀਵਿਧੀਆਂ ਲਈ ਦੇਸ਼-ਵਿਆਪੀ ਡਿਜੀਟਲ ਜੀਵਨ ਸਰਟੀਫਿਕੇਟ ਮੁਹਿੰਮ 4.0 ਦਾ ਆਯੋਜਨ ਕੀਤਾ

## ਸ਼੍ਰੀ ਅਨਿਲ ਕੁਮਾਰ ਜੈਨ, ਸੀਨੀਅਰ ਲੇਖਾ ਅਧਿਕਾਰੀ ਪੰਜਾਬ ਟੈਲੀਕਾਮ ਸਰਕਲ, ਨੇ ਪੈਨਸ਼ਨਰਾਂ ਦੇ ਭਲਾਈ ਕੈਂਪ ਦਾ ਉਦਘਾਟਨ ਕੀਤਾ

ਚੰਡੀਗੜ੍ਹ, (ਮਨਦੀਪ ਕੌਰ) - ਭਾਰਤ ਸਰਕਾਰ, ਸੰਚਾਰ ਮੰਤਰਾਲੇ, ਦੂਰਸੰਚਾਰ ਵਿਭਾਗ ਦੇ ਅਧੀਨ ਪੰਜਾਬ ਰਾਜ ਵਿੱਚ ਕੰਟਰੋਲਰ ਸੰਚਾਰ ਲੇਖਾ (ਸੀ.ਸੀ.ਏ.) ਦਫ਼ਤਰ, ਪੰਜਾਬ ਟੈਲੀਕਾਮ ਸਰਕਲ, ਚੰਡੀਗੜ੍ਹ, ਫੀਲਡ ਦਫ਼ਤਰ ਨੇ ਜੀ.ਐਮ.ਟੀ.ਡੀ., ਬੀ.ਐਸ.ਐਨ.ਐਲ. ਦਫ਼ਤਰ, ਰਣਜੀਤ ਐਵੇਨਿਊ, ਅੰਮ੍ਰਿਤਸਰ ਵਿਖੇ ਪੈਨਸ਼ਨਰਾਂ ਦੇ ਜੀਵਨ ਸਰਟੀਫਿਕੇਟ ਕੈਂਪ ਦਾ ਆਯੋਜਨ ਕੀਤਾ। "ਰਾਸ਼ਟਰ-ਵਿਆਪੀ ਡਿਜੀਟਲ ਲਾਈਫ਼ ਸਰਟੀਫਿਕੇਟ ਮੁਹਿੰਮ 4.0, 1-30 ਨਵੰਬਰ, 2025"ਦੇ ਹਿੱਸੇ ਵਜੋਂ, ਇਹ ਕੈਂਪ ਪੈਨਸ਼ਨਰਾਂ ਦੀ ਭਲਾਈ ਅਤੇ ਸਹੂਲਤ ਲਈ ਸਮਰਪਿਤ ਸੀ। ਕੈਂਪ ਦਾ ਉਦੇਸ਼ ਪੈਨਸ਼ਨਰਾਂ ਵਿੱਚ ਜੀਵਨ ਸਰਟੀਫਿਕੇਟ ਅੱਪਡੇਟ ਦੀ ਸਹੂਲਤ, ਸਿਹਤ ਜਾਗਰੂਕਤਾ ਨੂੰ ਉਤਸ਼ਾਹਿਤ ਕਰਨਾ ਅਤੇ ਸਾਈਬਰ ਸੁਰੱਖਿਆ ਅਤੇ ਬੈਂਕਿੰਗ ਨਾਲ ਸਬੰਧਤ ਮੁੱਦਿਆਂ ਦੀ ਸਮਝ ਵਧਾਉਣਾ ਸੀ। ਕੈਂਪ ਦਾ ਉਦਘਾਟਨ ਅਤੇ ਪ੍ਰਧਾਨਗੀ ਸ਼੍ਰੀ ਅਨਿਲ ਕੁਮਾਰ ਜੈਨ, ਸੀਨੀਅਰ ਲੇਖਾ ਅਧਿਕਾਰੀ ਨੇ ਕੀਤੀ। ਉਦਘਾਟਨੀ ਭਾਸ਼ਣ ਵਿੱਚ, ਸ਼੍ਰੀ ਅਨਿਲ ਕੁਮਾਰ ਜੈਨ ਨੇ ਪੈਨਸ਼ਨਰਾਂ ਨੂੰ ਭਰੋਸਾ ਦਿਵਾਇਆ ਕਿ ਅਜਿਹੇ ਆਊਟਰੀਚ ਅਤੇ ਸੇਵਾ ਕੈਂਪ ਲਗਾਏ ਜਾ ਰਹੇ ਹਨ ਅਤੇ ਨਿਯਮਤ ਤੌਰ 'ਤੇ ਆਯੋਜਿਤ ਕੀਤੇ ਜਾਣਗੇ ਤਾਂ ਜੋ ਪੈਨਸ਼ਨਰਾਂ ਦੇ ਦਰਵਾਜ਼ੇ 'ਤੇ ਵਿਭਾਗੀ ਸੇਵਾਵਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਜਾ ਸਕੇ, ਜਿਸ ਨਾਲ ਉਨ੍ਹਾਂ ਦੀ ਸੌਖ, ਆਰਾਮ ਅਤੇ ਭਲਾਈ ਵਿੱਚ ਵਾਧਾ ਹੋਵੇਗਾ। ਬਜ਼ੁਰਗ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਕੇ ਵੱਧ ਰਹੇ ਔਨਲਾਈਨ ਧੋਖਾਧੜੀਆਂ ਅਤੇ ਘੁਟਾਲਿਆਂ ਦੇ ਮੱਦੇਨਜ਼ਰ, ਸੀਸੀਏ ਪੰਜਾਬ ਨੇ ਪੈਨਸ਼ਨਰਾਂ ਨੂੰ ਸੁਰੱਖਿਅਤ ਡਿਜੀਟਲ ਬੈਂਕਿੰਗ ਅਭਿਆਸਾਂ, ਮੋਬਾਈਲ ਬੈਂਕਿੰਗ ਦੀ ਸੁਰੱਖਿਅਤ ਵਰਤੋਂ ਅਤੇ ਸਾਈਬਰ ਧੋਖਾਧੜੀ ਦੀ ਰੋਕਥਾਮ ਬਾਰੇ ਸੰਵੇਦਨਸ਼ੀਲ ਬਣਾਇਆ। ਪੈਨਸ਼ਨਰਾਂ ਨੂੰ ਆਪਣੇ ਡਿਜੀਟਲ ਜੀਵਨ ਸਰਟੀਫਿਕੇਟ (ਜੀਵਨ ਪ੍ਰਮਾਣ) ਤਿਆਰ ਕਰਨ ਅਤੇ ਜਮ ?ਹਾਂ ਕਰਾਉਣ ਵਿੱਚ ਸਹਾਇਤਾ ਕਰਨ ਲਈ ਇੱਕ ਵਿਸ਼ੇਸ਼ ਕਾਊਂਟਰ ਸਥਾਪਤ ਕੀਤਾ ਗਿਆ ਸੀ, ਜਿਸ ਨਾਲ ਉਨ੍ਹਾਂ ਨੂੰ ਕਈ ਦਫ਼ਤਰਾਂ ਵਿੱਚ ਜਾਣ ਦੀ ਲੋੜ ਤੋਂ ਬਿਨਾਂ ਪਾਲਣਾ ਵਿੱਚ ਆਸਾਨੀ ਹੋ ਸਕੇ। ਭਲਾਈ ਪਹਿਲ ਦੇ ਹਿੱਸੇ ਵਜੋਂ, ਲਿਵਾਸਾ ਹਸਪਤਾਲ, ਅੰਮ੍ਰਿਤਸਰ ਦੇ ਸਹਿਯੋਗ ਨਾਲ ਇੱਕ ਸਿਹਤ ਜਾਂਚ ਕੈਂਪ ਲਗਾਇਆ ਗਿਆ। ਕੈਂਪ ਦੌਰਾਨ, ਪੈਨਸ਼ਨਰਾਂ ਨੂੰ ਸਿਹਤ ਸਲਾਹ, ਸਿਹਤ ਸਲਾਹ ਅਤੇ ਇੱਕ ਡਾਕਟਰ (ਆਹਾਰ ਮਾਹਿਰ) ਦੁਆਰਾ ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਬਾਰੇ ਇੱਕ ਭਾਸ਼ਣ ਦਿੱਤਾ ਗਿਆ। ਯੋਗਾ ਅਧਿਆਪਕ ਮਾਹਰ ਸ਼੍ਰੀ ਮੋਹਨ ਲਾਲ ਨੇ ਯੋਗ ਅਭਿਆਸ ਅਤੇ ਇਸਦੇ ਲਾਭਾਂ ਬਾਰੇ ਇੱਕ ਜਾਣਕਾਰੀ ਭਰਪੂਰ ਭਾਸ਼ਣ ਦਿੱਤਾ। ਬਜ਼ੁਰਗ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਔਨਲਾਈਨ ਧੋਖਾਧੜੀ ਅਤੇ ਘੁਟਾਲਿਆਂ ਦੀਆਂ ਵਧਦੀਆਂ ਘਟਨਾਵਾਂ ਨੂੰ ਦੇਖਦੇ ਹੋਏ, ਇੱਕ ਸਾਈਬਰ ਸੁਰੱਖਿਆ ਜਾਗਰੂਕਤਾ ਸੈਸ਼ਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਭਾਗੀਦਾਰਾਂ ਨੂੰ ਸੁਰੱਖਿਅਤ ਡਿਜੀਟਲ ਬੈਂਕਿੰਗ ਅਭਿਆਸਾਂ, ਮੋਬਾਈਲ ਬੈਂਕਿੰਗ ਦੀ ਸੁਰੱਖਿਅਤ ਵਰਤੋਂ ਅਤੇ ਸਾਈਬਰ ਧੋਖਾਧੜੀ ਦੀ ਰੋਕਥਾਮ ਬਾਰੇ ਜਾਗਰੂਕ ਕੀਤਾ ਗਿਆ। ਵਾਤਾਵਰਣ ਸਥਿਰਤਾ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕਰਦੇ ਹੋਏ, ਦਫਤਰ ਨੇ ਹਰੀ ਜਾਗਰੂਕਤਾ ਦੀ ਸ਼ੁਰੂਆਤ ਕੀਤੀ ਅਤੇ ਪੈਨਸ਼ਨਰਾਂ ਅਤੇ ਹਿੱਸੇਦਾਰਾਂ ਵਿੱਚ ਪੌਦੇ ਵੰਡੇ, ਇੱਕ ਸਿਹਤਮੰਦ ਅਤੇ ਹਰੇ ਭਰੇ ਭਵਿੱਖ ਲਈ ਸਮੂਹਿਕ ਕਾਰਵਾਈ ਲਈ ਪ੍ਰੇਰਿਤ ਕੀਤਾ। ਕੈਂਪ ਦੌਰਾਨ, ਦਫਤਰ ਨੇ ਰੁੱਖਾਂ ਦੇ ਬੂਟੇ ਵੰਡੇ ਅਤੇ ਪੈਨਸ਼ਨਰਾਂ ਨੂੰ ਵਾਤਾਵਰਣ ਸੰਭਾਲ ਵਿੱਚ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ। ਇਸ ਸਮਾਗਮ ਵਿੱਚ ਪੈਨਸ਼ਨਰਾਂ ਅਤੇ ਪੈਨਸ਼ਨਰਜ਼ ਐਸੋਸੀਏਸ਼ਨ ਦੇ ਆਗੂਆਂ ਨੇ ਉਤਸ਼ਾਹ ਨਾਲ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਜ਼ਿਲ੍ਹਾ ਪ੍ਰਧਾਨ ਸ੍ਰੀ ਐਸ.ਐਸ. ਢਿੱਲੋਂ, ਏ.ਆਈ.ਬੀ.ਐਸ.ਐਨ.ਐਲ.ਪੀ.ਏ. ਦੇ ਜ਼ਿਲ੍ਹਾ ਸਕੱਤਰ ਸ੍ਰੀ ਅਮਰਜੀਤ ਕਾਲੀਆ ਅਤੇ ਐਸੋਸੀਏਸ਼ਨ ਦੇ ਹੋਰ ਮੈਂਬਰ ਸ਼ਾਮਲ ਸਨ। ਸੀ.ਸੀ.ਏ., ਪੰਜਾਬ ਦਫ਼ਤਰ, ਚੰਡੀਗੜ੍ਹ ਦੇ ਅਧਿਕਾਰੀਆਂ ਨੇ ਅਜਿਹੇ ਆਊਟਰੀਚ ਪ੍ਰੋਗਰਾਮਾਂ ਰਾਹੀਂ ਪੈਨਸ਼ਨਰਾਂ ਦੀ ਭਲਾਈ, ਸਹੂਲਤ ਅਤੇ ਡਿਜੀਟਲ ਸਸ਼ਕਤੀਕਰਨ ਨੂੰ ਯਕੀਨੀ ਬਣਾਉਣ ਲਈ ਆਪਣੀ ਵਚਨਬੱਧਤਾ ਦੁਹਰਾਈ।



# ਨੀਲਾ ਕਾਰਬਨ : ਭਾਰਤ ਨੂੰ ਨੀਲੇ ਵਾਤਾਵਰਣ ਪ੍ਰਣਾਲੀਆਂ 'ਤੇ ਵੱਡਾ ਦਾਅ ਕਿਉਂ ਲਗਾਉਣਾ ਚਾਹੀਦਾ ਹੈ

**ਵਿਜੈ ਗਰਗ**

ਜਿਵੇਂ-ਜਿਵੇਂ ਜਲਵਾਯੂ ਪਰਿਵਰਤਨ ਦੇ ਪ੍ਰਭਾਵ ਤੇਜ਼ ਹੁੰਦੇ ਜਾ ਰਹੇ ਹਨ, ਵਿਸ਼ਵਵਿਆਪੀ ਧਿਆਨ ਨੀਲੇ ਕਾਰਬਨ ਈਕੋਸਿਸਟਮ - ਮੈਂਗਰੋਵ, ਸਮੁੰਦਰੀ ਘਾਹ, ਨਮਕੀਨ ਦਲਦਲ ਅਤੇ ਤੱਟਵਰਤੀ ਗਿੱਲੇ ਇਲਾਕਿਆਂ - ਵੱਲ ਵਧ ਰਿਹਾ ਹੈ - ਜਿਵੇਂ ਕਿ ਉੱਚ-ਪ੍ਰਭਾਵ, ਕੁਦਰਤ-ਅਧਾਰਤ ਜਲਵਾਯੂ ਹੱਲ।

ਇਹ ਈਕੋਸਿਸਟਮ ਨਾ ਸਿਰਫ਼ ਆਪਣੀ ਕਾਰਬਨ ਸਟੋਰੇਜ ਸਮਰੱਥਾ ਵਿੱਚ ਅਸਾਧਾਰਨ ਹਨ, ਸਗੋਂ ਤੱਟਵਰਤੀ ਸੁਰੱਖਿਆ, ਜੈਵ ਵਿਭਿੰਨਤਾ ਸੰਭਾਲ ਅਤੇ ਟਿਕਾਊ ਰੋਜ਼ੀ-ਰੋਟੀ ਸਮੇਤ ਕਈ ਸਹਿ-ਲਾਭ ਵੀ ਪ੍ਰਦਾਨ ਕਰਦੇ ਹਨ। ਭਾਰਤ ਵਰਗੇ ਦੇਸ਼ ਲਈ, 7,500 ਕਿਲੋਮੀਟਰ ਦੇ ਤੱਟਵਰਤੀ ਖੇਤਰ ਅਤੇ 4,992 ਵਰਗ ਕਿਲੋਮੀਟਰ ਤੋਂ ਵੱਧ ਮੈਂਗਰੋਵ ਕਵਰ ਦੇ ਨਾਲ, ਨੀਲਾ ਕਾਰਬਨ ਇੱਕੋ ਸਮੇਂ ਆਪਣੇ ਜਲਵਾਯੂ ਟੀਚਿਆਂ ਨੂੰ ਅੱਗੇ ਵਧਾਉਣ, ਕਮਜ਼ੋਰ ਤੱਟਵਰਤੀ ਭਾਈਚਾਰਿਆਂ ਦੀ ਰੱਖਿਆ ਕਰਨ ਅਤੇ ਕਾਰਬਨ ਬਾਜ਼ਾਰਾਂ ਰਾਹੀਂ ਮਹੱਤਵਪੂਰਨ ਜਲਵਾਯੂ ਵਿੱਤ ਨੂੰ ਅਨਲੌਕ ਕਰਨ ਲਈ ਇੱਕ ਰਣਨੀਤਕ ਮੌਕਾ ਦਰਸਾਉਂਦਾ ਹੈ। ਨੀਲਾ ਕਾਰਬਨ ਵਿੱਤ ਈਕੋਸਿਸਟਮ ਬਹਾਲੀ ਵਿੱਚ ਨਿਵੇਸ਼ਾਂ ਨੂੰ ਸਮਰੱਥ ਬਣਾਉਂਦਾ ਹੈ ਜੋ ਪ੍ਰਮਾਣਿਤ ਨਿਕਾਸ ਕਟੌਤੀ ਪੈਦਾ ਕਰਦੇ ਹਨ, ਜਿਸਦਾ ਵਪਾਰ ਅੰਤਰਰਾਸ਼ਟਰੀ ਪਲੇਟਫਾਰਮਾਂ 'ਤੇ ਸੰਭਾਲ ਦੇ ਯਤਨਾਂ ਅਤੇ ਭਾਈਚਾਰਾ-ਅਧਾਰਤ ਅਨੁਕੂਲਨ ਪਹਿਲਕਦਮੀਆਂ ਨੂੰ ਫੰਡ ਦੇਣ ਲਈ ਕੀਤਾ ਜਾ ਸਕਦਾ ਹੈ।

ਭਾਰਤ ਦੇ ਨੀਲੇ ਕਾਰਬਨ ਈਕੋਸਿਸਟਮ ਬਹੁਤ ਵਿਭਿੰਨ ਅਤੇ ਵਿਆਪਕ ਹਨ, ਜਿਸ ਵਿੱਚ ਨਾ ਸਿਰਫ਼ ਮੈਂਗਰੋਵ ਬਲਕਿ ਸਮੁੰਦਰੀ ਘਾਹ ਦੇ ਮੈਦਾਨ, ਨਮਕੀਨ ਦਲਦਲ, ਪੀਟਲੈਂਡ, ਝੀਲਾਂ ਅਤੇ ਐਸਟੂਅਰੀਨ ਵੈਟਲੈਂਡ ਵੀ ਸ਼ਾਮਲ ਹਨ। ਇਹ ਈਕੋਸਿਸਟਮ ਬਾਇਓਮਾਸ ਅਤੇ ਤਲਛਟ ਦੋਵਾਂ ਵਿੱਚ ਕਾਰਬਨ ਸਟੋਰ ਕਰਦੇ ਹਨ, ਮੈਂਗਰੋਵ ਅਤੇ ਸਮੁੰਦਰੀ ਘਾਹ ਜ਼ਮੀਨੀ ਜੰਗਲਾਂ ਨਾਲੋਂ ਕਈ ਗੁਣਾ ਵੱਧ ਦਰ 'ਤੇ ਕਾਰਬਨ ਨੂੰ ਜਮ ?ਹਾ ਕਰਨ ਦੇ ਸਮਰੱਥ ਹਨ। ਜਦੋਂ ਕਿ ਮੈਂਗਰੋਵ ਨੂੰ ਸੰਭਾਲ ਨੀਤੀ ਵਿੱਚ ਧਿਆਨ ਦਿੱਤਾ ਗਿਆ ਹੈ, ਸਮੁੰਦਰੀ ਘਾਹ - ਜੋ ਕਿ ਮੰਨਾਰ ਦੀ ਖਾੜੀ, ਪਾਲਕ ਖਾੜੀ, ਲਕਸ਼ਦੀਪ, ਅਤੇ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਵਿੱਚ ਪਾਏ ਜਾਂਦੇ ਹਨ - ਅਤੇ ਹੋਰ ਵੈਟਲੈਂਡ ਭਾਰਤ ਦੀ ਕਾਰਬਨ ਵਿੱਤ ਰਣਨੀਤੀ ਵਿੱਚ ਘੱਟ ਪ੍ਰਤੀਨਿਧਤਾ ਕਰਦੇ ਹਨ, ਲੰਬੇ ਸਮੇਂ ਲਈ ਕਾਰਬਨ ਸਟੋਰੇਜ ਲਈ ਆਪਣੀ ਵਿਸ਼ਾਲ ਸੰਭਾਵਨਾ ਦੇ ਬਾਵਜੂਦ। ਲੂਣ ਦਲਦਲ ਅਤੇ ਪੀਟ ਨਾਲ ਭਰਪੂਰ ਵੈਟਲੈਂਡ, ਖਾਸ ਕਰਕੇ ਐਸਟੂਅਰੀਨ ਅਤੇ ਡੈਲਟੇਕ ਖੇਤਰਾਂ ਵਿੱਚ, ਪਾਣੀ ਭਰੀ ਮਿੱਟੀ ਵਿੱਚ ਮਹੱਤਵਪੂਰਨ ਕਾਰਬਨ ਰੱਖਦੇ ਹਨ ਅਤੇ ਜਲਵਾਯੂ ਨਿਯਮਨ ਅਤੇ ਪਾਣੀ ਸ਼ੁੱਧੀਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹ ਈਕੋਸਿਸਟਮ, ਜਦੋਂ ਸੁਰੱਖਿਅਤ ਜਾਂ ਬਹਾਲ ਕੀਤੇ ਜਾਂਦੇ ਹਨ, ਤਾਂ ਕਾਰਬਨ ਤੋਂ ਬਚਣ



(ਡਿਗਰੇਡੇਸ਼ਨ ਜਾਂ ਪਰਿਵਰਤਨ ਤੋਂ ਨਿਕਾਸ ਨੂੰ ਰੋਕਣਾ) ਅਤੇ ਕਾਰਬਨ ਹਟਾਉਣ (ਸਰਗਰਮ ਬਹਾਲੀ ਦੁਆਰਾ ਵਾਧੂ ਕਾਰਬਨ ਨੂੰ ਜਮ ?ਹਾ ਕਰਨਾ) ਦੋਵਾਂ ਲਈ ਰਸਤੇ ਪੇਸ਼ ਕਰਦੇ ਹਨ।

ਇਸੇ ਤਰ੍ਹਾਂ ਦੀ ਇੱਕ ਪਹਿਲ ਗੁਜਰਾਤ ਦੇ ਭਰੂਚ ਵਿੱਚ ਵੀ ਚੱਲ ਰਹੀ ਹੈ, ਜਿੱਥੇ ਕਮਿਊਨਿਟੀ-ਅਧਾਰਤ ਸੰਗਠਨਾਂ ਦੇ ਸਮਰਥਨ ਨਾਲ ਪਹਿਲਾਂ ਤੋਂ ਬੰਜਰ ਮਿੱਟੀ ਦੇ ਫਲੈਟਾਂ 'ਤੇ ਮੈਂਗਰੋਵ ਲਗਾਏ ਜਾ ਰਹੇ ਹਨ। ਬਲੂ ਕਾਰਬਨ ਫਾਈਨੈਂਸ ਵਾਤਾਵਰਣਕ ਬਹਾਲੀ ਅਤੇ ਟਿਕਾਊ ਰੋਜ਼ੀ-ਰੋਟੀ ਵਿਚਕਾਰ ਇੱਕ ਮਹੱਤਵਪੂਰਨ ਸਬੰਧ ਪ੍ਰਦਾਨ ਕਰਦਾ ਹੈ। ਕਾਰਬਨ ਕ੍ਰੈਡਿਟ ਦੀ ਪੈਦਾਵਾਰ ਅਤੇ ਵਿਕਰੀ ਰਾਹੀਂ, ਭਾਈਚਾਰਿਆਂ ਨੂੰ ਬਹਾਲੀ ਗਤੀਵਿਧੀਆਂ ਤੋਂ ਸਿੱਧਾ ਵਿੱਤੀ ਲਾਭ ਪ੍ਰਾਪਤ ਹੁੰਦਾ ਹੈ। ਇਹ ਕ੍ਰੈਡਿਟ ਜਾਂ ਤਾਂ ਬਚੇ ਹੋਏ ਨਿਕਾਸ ਨੂੰ ਦਰਸਾਉਂਦੇ ਹਨ (ਬਰਕਰਾਰ ਗਿੱਲੀਆਂ ਜ਼ਮੀਨਾਂ ਜਾਂ ਮੈਂਗਰੋਵ ਜੋ ਕਿ ਹੋਰ ਤਰੀਕੇ ਨਾਲ ਘਟਣਗੇ) ਜਾਂ ਵੱਖਰੇ ਕਾਰਬਨ (ਘਟਦੇ ਖੇਤਰਾਂ ਵਿੱਚ ਨਵੀਂ ਬਨਸਪਤੀ ਲਗਾਉਣ ਤੋਂ)। ਕਾਰਬਨ ਕ੍ਰੈਡਿਟ ਦਾ ਮੁਦਰੀਕਰਨ ਸੰਭਾਲ ਲਈ ਇੱਕ ਆਰਥਿਕ ਤਰਕ ਪੇਸ਼ ਕਰਦਾ ਹੈ, ਫੰਡਾਂ ਨੂੰ ਕਮਿਊਨਿਟੀ-ਅਗਵਾਈ ਨਰਸਰੀ ਵਿਕਾਸ, ਪੌਦੇ ਲਗਾਉਣ ਦੇ ਕੰਮ, ਨਿਗਰਾਨੀ ਅਤੇ ਟਿਕਾਊ ਸਰੋਤਾਂ ਦੀ ਵਰਤੋਂ ਲਈ ਚੈਨਲ ਕਰਦਾ ਹੈ। ਚੱਲ ਰਹੇ ਪ੍ਰੋਜੈਕਟਾਂ ਵਿੱਚ, ਸਹਿ-ਲਾਭਾਂ ਵਿੱਚ ਬਾਲਣ ਦੀ ਲੱਕੜ 'ਤੇ ਨਿਰਭਰਤਾ ਘਟਾਉਣਾ, ਜੰਗਲ ਦੀ ਅੱਗ ਦੀ ਜਾਂਚ ਕਰਨਾ, ਅਤੇ ਗੈਰ-ਲੱਕੜ ਦੇ ਜੰਗਲਾਤ ਉਤਪਾਦਾਂ ਦੀ ਟਿਕਾਊ ਕਟਾਈ ਨੂੰ ਯਕੀਨੀ ਬਣਾਉਣਾ ਸ਼ਾਮਲ ਹੈ। ਇਸ ਤੋਂ ਇਲਾਵਾ, ਜੰਗਲ ਅਤੇ ਕਿਸਾਨ ਜ਼ਮੀਨਾਂ ਦੋਵਾਂ 'ਤੇ ਖੇਤੀਬਾੜੀ ਜੰਗਲਾਤ ਮਾਡਲਾਂ ਅਤੇ ਪੌਦੇ ਲਗਾਉਣ ਦੀਆਂ ਗਤੀਵਿਧੀਆਂ ਨੂੰ ਏਕੀਕ੍ਰਿਤ ਕਰਕੇ, ਅਜਿਹੀਆਂ ਪਹਿਲਕਦਮੀਆਂ ਵਾਤਾਵਰਣਕ ਅਖੰਡਤਾ ਨੂੰ ਬਹਾਲ ਕਰਦੇ ਹੋਏ ਪੇਂਡੂ ਲਚਕੀਲੇਪਣ ਨੂੰ ਬਿਹਤਰ ਬਣਾਉਂਦੀਆਂ ਹਨ। ਸਵੈ-ਇੱਛਤ ਕਾਰਬਨ ਬਾਜ਼ਾਰਾਂ ਵਿੱਚ ਨੀਲੇ ਕਾਰਬਨ ਕ੍ਰੈਡਿਟ ਦਾ ਪ੍ਰੀਮੀਅਮ ਮੁੱਲ - ਉਹਨਾਂ ਦੀ ਸਥਾਈਤਾ, ਉੱਚ ਵਾਧੂਤਾ, ਅਤੇ ਈਕੋਸਿਸਟਮ ਸਹਿ-ਲਾਭਾਂ ਦੇ ਕਾਰਨ - ਇਹਨਾਂ ਪ੍ਰੋਜੈਕਟਾਂ ਨੂੰ ਉੱਚ-ਗੁਣਵੱਤਾ ਵਾਲੇ ਆਫਸੈੱਟ ਦੀ ਮੰਗ ਕਰਨ ਵਾਲੇ ਨਿੱਜੀ ਨਿਵੇਸ਼ਕਾਂ ਅਤੇ ਅੰਤਰਰਾਸ਼ਟਰੀ ਖਰੀਦਦਾਰਾਂ ਲਈ ਆਕਰਸ਼ਕ ਬਣਾਉਂਦਾ ਹੈ। ਭਾਰਤ ਇਸ ਗਤੀ ਨੂੰ ਵੱਡੇ ਪੱਧਰ 'ਤੇ ਤੱਟਵਰਤੀ ਈਕੋਸਿਸਟਮ ਬਹਾਲੀ ਵੱਲ ਅੰਤਰਰਾਸ਼ਟਰੀ ਜਲਵਾਯੂ ਵਿੱਤ ਨੂੰ ਚੈਨਲ ਕਰਨ ਲਈ ਵਰਤ ਸਕਦਾ ਹੈ ਜਦੋਂ ਕਿ ਨਾਲ ਹੀ ਆਪਣੇ ਸਭ ਤੋਂ ਵੱਧ ਜਲਵਾਯੂ-ਕਮਜ਼ੋਰ ਜ਼ਿਲ੍ਹਿਆਂ ਵਿੱਚ ਰੋਜ਼ੀ-ਰੋਟੀ, ਭੋਜਨ ਸੁਰੱਖਿਆ ਅਤੇ ਆਫ਼ਤ ਦੀ ਤਿਆਰੀ ਵਿੱਚ ਸੁਧਾਰ ਕਰ ਸਕਦਾ ਹੈ। ਭਾਰਤ ਦੀ ਨੀਲੀ ਕਾਰਬਨ ਸੰਭਾਵਨਾ ਨੂੰ ਪੂਰੀ ਤਰ੍ਹਾਂ ਅਨਲੌਕ ਕਰਨ ਲਈ, ਇੱਕ ਕੇਂਦ੍ਰਿਤ, ਬਹੁ-ਪੱਖੀ ਰਣਨੀਤੀ ਜ਼ਰੂਰੀ ਹੈ - ਵਿਗਿਆਨ, ਨੀਤੀ, ਬਾਜ਼ਾਰਾਂ ਅਤੇ ਭਾਈਚਾਰਕ ਸ਼ਮੂਲੀਅਤ ਨੂੰ ਜੋੜਨਾ। ਇੱਕ ਰਾਸ਼ਟਰੀ ਨੀਲੀ ਕਾਰਬਨ ਰਣਨੀਤੀ ਨੂੰ ਇਹਨਾਂ ਈਕੋਸਿਸਟਮਾਂ ਨੂੰ ਭਾਰਤ ਦੇ ਜਲਵਾਯੂ ਅਤੇ ਤੱਟਵਰਤੀ ਪ੍ਰਬੰਧਨ ਢਾਂਚੇ ਵਿੱਚ ਜੋੜਨਾ ਚਾਹੀਦਾ ਹੈ, ਜਿਸ ਵਿੱਚ S ਐਸਏਪੀਸੀਸੀ ਅਤੇ ਐਨਏਐਫਸੀਸੀ ਸ਼ਾਮਲ ਹਨ।

ਮੈਂਗ੍ਰੋਵ ਤੋਂ ਪਰੇ ਸਮੁੰਦਰੀ ਘਾਹ, ਨਮਕੀਨ ਦਲਦਲ, ਪੀਟਲੈਂਡ ਅਤੇ ਵੈਟਲੈਂਡ ਨੂੰ ਸ਼ਾਮਲ ਕਰਨ ਨਾਲ ਉੱਚ-ਇਕਸਾਰਤਾ ਵਾਲੇ ਕਾਰਬਨ ਕ੍ਰੈਡਿਟ ਦੇ ਦਾਇਰੇ ਨੂੰ ਵਿਸ਼ਾਲ ਕੀਤਾ ਜਾਵੇਗਾ। ਸੈਟੇਲਾਈਟ ਡੇਟਾ, ਡਰੋਨ ਸਰਵੇਖਣਾਂ ਅਤੇ ਪਾਣੀ ਦੇ ਹੇਠਾਂ ਚਿੱਤਰਾਂ ਦੀ ਵਰਤੋਂ ਕਰਕੇ ਸਮੁੰਦਰੀ ਘਾਹ ਦਾ ਨਕਸ਼ਾ ਬਣਾਉਣ ਅਤੇ ਨਿਗਰਾਨੀ ਕਰਨ ਲਈ ਸਮਰਪਿਤ ਯਤਨਾਂ ਦੀ ਲੋੜ ਹੈ, ਖਾਸ ਕਰਕੇ ਮੰਨਾਰ ਦੀ ਖਾੜੀ, ਪਾਲਕ ਬੇਅ ਅਤੇ ਲਕਸ਼ਦੀਪ ਵਿੱਚ। ਵਿਗਿਆਨਕ ਸ਼ੁੱਧਤਾ - ਉੱਚ-ਰੈਜ਼ੋਲੂਸ਼ਨ ਮੈਪਿੰਗ, ਬਾਇਓਮਾਸ ਅਤੇ ਮਿੱਟੀ ਕਾਰਬਨ ਮਾਪ, ਅਤੇ ਏਆਈ-ਅਧਾਰਤ ਮਾਡਲਿੰਗ ਦੁਆਰਾ - ਭਰੋਸੇਯੋਗ ਤਸਦੀਕ ਨੂੰ ਯਕੀਨੀ ਬਣਾਏਗੀ। ਪ੍ਰੋਜੈਕਟ ਸਥਿਰਤਾ ਲਈ ਸੰਸਥਾਗਤ ਅਤੇ ਭਾਈਚਾਰਕ ਸਮਰੱਥਾ ਦਾ ਨਿਰਮਾਣ ਬਹੁਤ ਜ਼ਰੂਰੀ ਹੈ, ਨਾਲ ਹੀ ਬਰਾਬਰ ਲਾਭ-ਵੰਡ ਵਿਧੀਆਂ ਨੂੰ ਸ਼ਾਮਲ ਕਰਨਾ ਵੀ ਸ਼ਾਮਲ ਹੈ। ਇੱਕ ਗਲੋਬਲ ਲੀਡਰਸ਼ਿਪ ਮੌਕਾ ਭਾਰਤ ਗਲੋਬਲ ਬਲੂ ਕਾਰਬਨ ਅੰਦੋਲਨ ਦੀ ਅਗਵਾਈ ਕਰਨ ਦੇ ਇੱਕ ਵਿਲੱਖਣ ਮੌਕੇ ਦੀ ਦਹਿਲੀਜ਼ 'ਤੇ ਖੜ੍ਹਾ ਹੈ। ਤੱਟਵਰਤੀ ਅਤੇ ਵੈਟਲੈਂਡ ਈਕੋਸਿਸਟਮ ਦੀ ਇੱਕ ਅਮੀਰ ਵਿਭਿੰਨਤਾ, ਸਾਬਤ ਸੰਸਥਾਗਤ ਸਮਰੱਥਾ, ਅਤੇ ਇੱਕ ਉੱਭਰ ਰਹੇ ਕਾਰਬਨ ਬਾਜ਼ਾਰ ਦੇ ਨਾਲ, ਦੇਸ਼ ਇਹ ਦਰਸਾ ਸਕਦਾ ਹੈ ਕਿ ਕਿਵੇਂ ਜਲਵਾਯੂ ਵਿੱਤ ਅਤੇ ਕੁਦਰਤ-ਅਧਾਰਤ ਹੱਲ ਜਲਵਾਯੂ ਪਰਿਵਰਤਨ ਅਤੇ ਸਮਾਜਿਕ ਕਮਜ਼ੋਰੀ ਨੂੰ ਹੱਲ ਕਰਨ ਲਈ ਹੱਥ ਵਿੱਚ ਹੱਥ ਮਿਲਾ ਸਕਦੇ ਹਨ।

ਭਾਰਤ ਤਿੰਨ ਜਿੱਤਾਂ ਪ੍ਰਾਪਤ ਕਰ ਸਕਦਾ ਹੈ - ਵਧਿਆ ਹੋਇਆ ਕਾਰਬਨ ਜ਼ਬਤ, ਮਜ਼ਬੂਤ ਜੈਵ ਵਿਭਿੰਨਤਾ, ਅਤੇ ਬਿਹਤਰ ਭਾਈਚਾਰਕ ਲਚਕੀਲਾਪਣ। ਜਿਵੇਂ ਕਿ ਉੱਚ-ਅਖੰਡਤਾ, ਸਹਿ-ਲਾਭ-ਅਮੀਰ ਕਾਰਬਨ ਕ੍ਰੈਡਿਟ ਲਈ ਅੰਤਰਰਾਸ਼ਟਰੀ ਮੰਗ ਵਧਦੀ ਹੈ, ਭਾਰਤ ਦੀ ਰਣਨੀਤਕ ਸਥਿਤੀ ਅਤੇ ਸ਼ੁਰੂਆਤੀ ਕਾਰਵਾਈ ਇਸਨੂੰ ਨੀਲੇ ਕਾਰਬਨ ਨਵੀਨਤਾ ਵਿੱਚ ਇੱਕ ਮੋਹਰੀ ਵਜੋਂ ਸਥਾਪਿਤ ਕਰ ਸਕਦੀ ਹੈ, ਇਹ ਯਕੀਨੀ ਬਣਾਉਂਦੀ ਹੈ ਕਿ ਇਸਦੇ ਤੱਟਵਰਤੀ ਲੈਂਡਸਕੇਪ ਨਾ ਸਿਰਫ਼ ਸੁਰੱਖਿਅਤ ਹਨ ਬਲਕਿ ਵਿਸ਼ਵ ਜਲਵਾਯੂ ਸੰਪਤੀਆਂ ਵਜੋਂ ਵੀ ਮੁੱਲਵਾਨ ਹਨ।

**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ਼ ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐਮ.ਐਚ.ਆਰ. ਮਲੋਟ ਪੰਜਾਬ**

# ਬਟਾਲਾ ਸ਼ਹਿਰ ਹੁਣ ਰਾਤ ਨੂੰ ਵੀ ਲਾਈਟਾਂ ਦੀ ਰੋਸ਼ਨੀ ਵਿੱਚ ਰੁਸ਼ਨਾਏਗਾ

**ਵਿਧਾਇਕ ਸ਼ੈਰੀ ਕਲਸੀ ਵਲੋਂ ਅੱਜ ਦੂਜੇ ਦਿਨ ਲਗਾਤਾਰ ਸ਼ਹਿਰ ਵਾਸੀਆਂ ਤੇ ਦੁਕਾਨਦਾਰਾਂ ਦੀ ਮੰਗ ਪੂਰੀ ਕਰਦਿਆਂ 1 ਕਰੋੜ 5 ਲੱਖ ਰੁਪਏ ਦੀ ਲਾਗਤ ਨਾਲ ਲਾਈਟਾਂ ਲਗਾਉਣ ਦਾ ਕੀਤਾ ਉਦਘਾਟਨ**

**ਸੋਨੂ**

ਬਟਾਲਾ, ਬਟਾਲਾ ਸ਼ਹਿਰ ਹੁਣ ਰਾਤ ਨੂੰ ਵੀ ਲਾਈਟਾਂ ਦੀ ਰੋਸ਼ਨੀ ਵਿੱਚ ਰੁਸ਼ਨਾਏਗਾ। ਅੱਜ ਦੂਜੇ ਦਿਨ ਲਗਾਤਾਰ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਤੇ ਉਤਸ਼ਾਹੀ ਵਿਧਾਇਕ ਸ਼ੈਰੀ ਕਲਸੀ ਵਲੋਂ ਬਟਾਲਾ ਸ਼ਹਿਰ ਵਾਸੀਆਂ ਤੇ ਦੁਕਾਨਦਾਰਾਂ ਦੀ ਮੰਗ ਪੂਰੀ ਕਰਦਿਆਂ 1 ਕਰੋੜ 5 ਲੱਖ ਰੁਪਏ ਦੀ ਲਾਗਤ ਨਾਲ ਗਾਂਧੀ ਚੌਂਕ ਤੋਂ ਭਗਵਾਨ ਅਗਰਸੈਨ ਚੌਂਕ ਤੱਕ 80 ਲਾਈਟਾਂ ਅਤੇ ਬੱਸ ਸਟੈਂਡ ਤੋਂ ਉਸਮਾਨਪੁਰ ਸਿਟੀ ਤੱਕ 135 ਲਾਈਟਾਂ ਲਗਾਉਣ ਦਾ ਦੁਕਾਨਦਾਰਾਂ ਅਤੇ ਸ਼ਹਿਰ ਦੀਆਂ ਵੱਖ-ਵੱਖ ਸਖ਼ਸ਼ੀਅਤਾਂ ਦੀ ਮੌਜੂਦਗੀ ਵਿੱਚ ਉਦਘਾਟਨ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਹ ਬਟਾਲਾ ਸ਼ਹਿਰ ਸਮੇਤ ਸਮੁੱਚੇ ਹਲਕੇ ਦੇ ਲੋਕਾਂ ਦੀਆਂ ਚਿਰੋਕਣੀ ਮੰਗਾਂ ਪੂਰੀਆਂ ਕਰਨ ਲਈ ਉਹ ਵਚਨਬੱਧ ਹਨ ਅਤੇ 24 ਘੰਟੇ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ। ਇਸ ਮੌਕੇ ਦੁਕਾਨਦਾਰਾਂ ਅਤੇ ਸ਼ਹਿਰ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਉਪਰੋਕਤ ਸੜਕਾਂ ਤੇ ਰਾਤ ਸਮੇਂ ਲਾਈਟਾਂ ਨਾ ਹੋਣ ਕਾਰਨ ਬਹੁਤ ਦਿੱਕਤਾਂ ਪੇਸ਼ ਆ ਰਹੀਆਂ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਵਿਧਾਇਕ ਸ਼ੈਰੀ ਕਲਸੀ ਦੇ ਧਿਆਨ ਵਿੱਚ ਇਹ ਮੁਸ਼ਕਲ ਲਿਆਂਦੀ ਅਤੇ ਅੱਜ ਵਿਧਾਇਕ ਸ਼ੈਰੀ ਕਲਸੀ ਵਲੋਂ ਉਨ੍ਹਾਂ ਦੀ ਮੰਗ ਪੂਰੀ ਕੀਤੀ ਗਈ ਹੈ ਅਤੇ ਲਾਈਟਾਂ ਲਗਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ। ਪੱਤਰਕਾਰਾਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਉਸਮਾਨਪੁਰ ਸਿਟੀ ਤੋਂ ਭਗਵਾਨ ਅਗਰਸੈਨ ਚੌਂਕ, ਬਟਾਲਾ- ਸ੍ਰੀ ਅੰਮਿ ?ਤਸਰ ਸਾਹਿਬ ਬਾਈਪਾਸ ਤੱਕ ਦੁਕਾਨਦਾਰਾਂ ਵਲੋਂ ਲਾਈਟਾਂ ਨਾ ਲੱਗਣ ਹੋਣ ਦੀ ਮੁਸ਼ਕਿਲ ਉਨ੍ਹਾਂ ਨੇ ਧਿਆਨ ਵਿੱਚ ਲਿਆਂਦੀ ਸੀ, ਜਿਸ ਨੂੰ ਅੱਜ ਹੱਲ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਹਣ ਰਾਤ ਵੇਲੇ ਅਤੇ ਸਵੇਰ ਸਾਰ ਲੋਕਾਂ ਨੂੰ ਲਾਈਟਾਂ ਲੱਗਣ ਨਾਲ ਆਵਾਜਾਈ ਦੌਰਾਨ ਮੁਸਕਿਲ ਤੋਂ ਨਿਜਾਤ ਮਿਲੇਗੀ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਤਿਹਾਸਕ ਅਤੇ ਧਾਰਮਿਕ ਸ਼ਹਿਰ ਬਟਾਲਾ ਨੂੰ ਹੋਰ ਖੂਬਸੂਰਤ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਹਲਕੇ ਵਿੱਚ ਵਿਕਾਸ ਕੰਮ ਤੇਜਗਤੀ ਨਾਲ ਚੱਲ ਰਹੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਪਿਛਲੇ ਦਿਨੀ ਮੁੱਖ ਮੰਤਰੀ ਪੰਜਾਬ ਵਲੋਂ ਬਟਾਲਾ ਵਾਸੀਆਂ ਅਤੇ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ ਵੱਖ ਸਰਕਾਰੀ ਸਹੂਲਤਾਂ ਦੇਣ ਦੇ ਮੰਤਵ ਨਾਲ ਨਵੇਂ ਤਹਿਸੀਲ ਕੰਪਲੈਕਸ ਦਾ ਉਦਘਾਟਨ ਕੀਤਾ ਗਿਆ ਹੈ। ਸ਼ਹਿਰ ਅੰਦਰ ਚੌਂਕਾਂ ਨੂੰ ਚੋੜਾ ਕਰਕੇ ਖੂਬਸੂਰਤ ਬਣਾਇਆ ਗਿਆਹੈ। ਸ਼ਹਿਰ ਦੀ ਲਾਇਬ੍ਰੇਰੀ ਦੀ ਇਮਾਰਤ ਦਾ ਨਵੀਨੀਕਰਨ ਕੀਤਾ ਗਿਆ ਹੈ। ਸਕੂਲ ਆਫ ਐਮੀਨੈਂਸ ਦੀ ਉਸਾਰੀ ਕਰਵਾਈ ਗਈ ਹੈ। ਲੋਕਾਂ ਨੂੰ ਘਰਾਂ ਦੇ ਨੇੜੇ ਸਿਹਤ ਸਹੂਲਤਾਂ ਪੁਜਦਾ ਕਰਨ ਲਈ ਆਮ ਆਦਮੀ ਕਲੀਨਿਕ ਖੋਲੇ ਗਏ ਹਨ। ਸ਼ਹਿਰ ਅੰਦਰ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਯਤਨ ਕੀਤੇ ਗਏ ਹਨ ਅਤੇ ਹਰ ਵਰਗ ਦੀ ਭਲਾਈ ਲਈ ਵਿਕਾਸ ਕੰਮ ਕੀਤੇ ਜਾ ਰਹੇ ਹਨ।

# ਡੰਡੇ ਗੰਡੇ !

ਪੰਜਾਬੀਆਂ / ਭਾਰਤੀਆਂ ਵੱਲੋਂ ਸਿਆਸਤ ਦੇ ਡੰਡੇ ਖਾਈ ਜਾਣ ਤੇ ਧਰਮ ਦੇ ਗੰਢੇ ਖਾਈ ਜਾਣ ਵਾਲੀਆਂ ਆਦਤਾਂ ਨੇ ਅੱਜ ਪੰਜਾਬ/ ਭਾਰਤ ਨੂੰ ਸਿਆਸੀ ਅਤੇ ਧਾਰਮਿਕ ਕੰਗਾਲ ਬਣਾ ਦਿੱਤਾ। ਹੁਣ ਤਾਂ ਬੱਸ ਗਿਣਤੀ ਕੀਤੀ ਜਾ ਰਹੀ ਕਿ ਗੰਢੇ ਜਿਆਦਾ ਖਾਂ ਢਿੱਡ ਪੀੜ ਹੋ ਰਹੀ ਕਿ ਡੰਡਿਆਂ ਦੇ ਡਰ ਤੋਂ ਚੁੱਪ ਕਰੀ ਬੈਠੇ ਗੱਲਾਂ ਦੋਵੇਂ ਗਲਤ ਹੋ ਰਹੀਆਂ, ਫ਼ ?ਰ ਸੋਚਣ ਦਾ ਤਰੀਕਾ ਬਦਲਣਾ ਪਵੇਗਾ। ਸੁਪਰੀਮ ਕੋਰਟ ਨੇ ਕਿਹਾ ਹੋਇਆ ਕਿ ਜੇਕਰ ਕੋਈ ਮੁਲਾਜ਼ਮ ਸਰਕਾਰੀ ਨੌਕਰੀ ਵਿੱਚ ਕੰਮ ਨਹੀਂ ਕਰਦਾ ਤਾਂ ਉਸ ਦਾ ਕਾਰਨ ਲੱਭ ਕੇ ਉਸ ਦੀ ਮੱਦਦ ਕਰੋ ਤੇ ਕੰਮ ਤੇ ਲਾਓ ਨਾ ਕਿ ਉਸ ਨੂੰ ਨੌਕਰੀ ਤੋਂ ਕੱਢ ਦਿਓ, ਜਿਵੇਂ ਅਸੀਂ ਸਮਾਜਿਕ ਤੌਰ ਤੇ ਵੀ ਕਹਿੰਦੇ ਹਾਂ ਕਿ ਮਾਰਨ ਨਾਲੋਂ ਡਰਾਉਣਾ ਚੰਗਾ ਪਿਛਲੇ ਲੰਮੇ ਸਮੇਂ ਤੋਂ ਦੇਖਿਆ ਜਾ ਰਿਹਾ ਕਿ ਸਿਆਸੀ ਅਤੇ ਧਾਰਮਿਕ ਨੇਤਾ ਅਪਣੀ ਅਪਣੀ ਬਣਦੀ ਜ਼ੁੰਮੇਵਾਰੀ ਤੋਂ ਭੱਜੇ ਬੈਠੇ ਹਨ, ਜੇਕਰ ਇਹਨਾਂ ਵਿੱਚੋਂ ਕੁੱਝ ਸੁਧਾਰ ਲਈ ਤਿਆਰ ਤਾਂ ਉਹਨਾਂ ਨੂੰ ਸੁਧਾਰ ਦੇ ਰਾਹ ਤੇ ਲੈ ਕੇ ਆਓ ਪਰ ਇੱਕ ਗੱਲ ਜ਼ਰੂਰ ਯਾਦ ਰੱਖਿਓ ਜਿਸ ਦਾ ਦਿਮਾਗ ਅਤੇ ਸਰੀਰ ਸਿਆਸੀ/ ਧਾਰਮਿਕ ਕੈਂਸਰ ਦੀ ਸਟੇਜ ਤਿੰਨ ਜਾਂ ਚਾਰ ਨਾਲ ਭਰ ਚੁੱਕਿਆ ਉਸ ਦਾ ਸੁਧਾਰ ਅਤੇ ਇਲਾਜ਼ ਹੋਣ ਦੀ ਕੋਈ ਆਸ ਨਹੀਂ ਭਾਵੇਂ ਜਿੰਨੇ ਮਰਜ਼ੀ ਇਲਾਜ਼ ਕਰਵਾ ਲਵੋਂ। ਇੱਕ ਗੱਲ ਹੋਰ ਯਾਦ ਰੱਖੋ



ਸਿਆਸੀ/ਧਾਰਮਿਕ ਕੈਂਸਰ ਨੂੰ ਡਾਇਗਨੋਜ ਕਰਨ ਅਤੇ ਇਲਾਜ਼ ਕਰਨ ਵਾਲੇ ਡਾਕਟਰਾਂ ਦਾ ਵੀ ਕੋਈ ਵੱਡਾ ਅਤੇ ਪ੍ਰਕੈਟੀਕਲ ਸਿਆਸੀ/ ਧਾਰਮਿਕ ਤਜ਼ਰਬਾ ਹੋਣਾ ਚਾਹੀਦਾ। ਤੀਸਰਾ ਡਾਕਟਰ ਪੜਿਆ ਲਿਖਿਆ ਸਿਆਸੀ/ਧਾਰਮਿਕ ਡਾਕਟਰੀ ਦਾ ਮਾਹਰ ਹੋਣਾ ਚਾਹੀਦਾ ਨਾ ਕਿ ਪਾਠ/ਪੂਜਾਂ, ਧਾਗੇ/ਤਵੀਤ ਕਰਨ ਵਾਲੇ ਕੋਲ ਫਸ ਜਾਓ, ਜਿਵੇਂ ਕਿ ਮੈਂ ਪਹਿਲਾਂ ਵੀ ਕਈ ਵਾਰ ਕਹਿ ਚੁੱਕਿਆਂ ਹਾਂ ਕਿ ਧਰਮ ਅਤੇ ਸਿਆਸਤ ਨੂੰ ਵੱਖਰਾ ਕਰੋਂ ਤੇ ਚੋਣਾਂ ਦਾ ਵੱਖ-ਵੱਖ ਤਰੀਕਾ ਅਪਣਾਓ, ਉਪਰੋਕਤ ਤੋਂ ਨਤੀਜ਼ਾ ਨਿਕਲਦਾ ਕਿ ਜਿਸ ਪਾਰਟੀ ਨੇ ਲੋਕ ਹਿਤ ਕੰਮ ਨਹੀਂ ਕੀਤੇ ਸੀ। ਉਸ ਦੇ ਲੀਡਰ ਅਤੇ ਜਿਸ ਹੇਠਾਂ ਵਾਲੇ ਨੇਤਾ ਤੇ ਇਲਜ਼ਾਮ ਸਨ, ਉਸ ਨੂੰ ਕਦੀ ਵੋਟ ਨਹੀਂ ਪਾਉਣੀ ਚਾਹੀਦੀ ਸੀ। ਜੇਕਰ ਇਸ ਤਰਾਂ ਹੋਇਆ ਹੁੰਦਾ ਤਾਂ, ਨਾ ਤਾਂ ਹੁਣ ਤੱਕ ਇਕੋਂ ਲੀਡਰ 10-20 ਸਾਲ ਤੱਕ ਰਾਜ ਕਰਿਆ ਕਰਦੇ ਤੇ ਨਾ ਹੀ ਇਲਜ਼ਾਮਾਂ ਵਾਲੇ ਪਰ ਹੋਇਆ ਇਸ ਦੇ ਉਲਟ ਕਿ ਹਰ ਪੰਜ ਸਾਲ ਬਾਅਦ ਫ਼ ?ਰ ਉਹੀ ਚੋਰ ਠੱਗ ਆਉਂਦੇ ਰਹੇ ਤੇ ਹੁਣ ਨਵਿਆਂ ਨੂੰ ਮੌਕਾ ਤੇ ਨਵੀਆਂ ਪਾਰਟੀਆਂ ਬਣਾਉਦੇ ਜਾਓ ਤਾਂ ਕਿ ਲੋਕ ਮੁੜ ਕੇ ਭੰਬਲਭੂਸੇ ਪੈ ਜਾਣ ਜਾਂ ਫ਼ ?ਰ ਚਲਾਉਣੀ ਸਰਕਾਰ ਤੇ ਵੋਟਾਂ ਪਾਈ ਜਾਂਦੇ ਧਾਰਮਿਕ ਨੇਤਾਵਾਂ ਨੂੰ ਜਿਹਨਾਂ ਨੇ ਨਾ ਕੁੱਝ ਕੀਤਾ ਤੇ ਨਾ ਕਰਨ ਦੇਣਾ, ਇਹ ਕਹਿ ਕੇ ਕਿ ਸਾਡਾ ਧਰਮ ਇਹ ਨਹੀਂ ਕਹਿੰਦਾ ਤੇ ਅਸੀਂ ਧਰਤੀ ਪੁੱਟਾਂਗੇ। ਜਿਸ ਵਿੱਚ ਸਾਡੇ ਧਰਮ ਦੇ ਨਿਸ਼ਾਨ ਹਨ ਜਾਂ ਅਸੀਂ ਅਪਣੇ ਧਰਮ ਦੀਆਂ ਪੁਸਤਕਾਂ ਸੰਭਾਲਾਂਗੇ ਜਿਸ ਵਿੱਚ ਸਾਡੇ ਵੱਡੇ ਵਡੇਰੇ ਲਿਖ ਗਏ। ਕਦੀਂ ਸੋਚ ਕੇ ਵੇਖਿਆ ਕਿ ਸਕੂਲਾਂ, ਹਸਪਤਾਲਾਂ, ਹਵਾਈ ਜਹਾਜ਼ਾਂ, ਕੰਪੂਟਰਾਂ, ਸੜਕਾਂ, ਖੇਤੀ ਕਰਨ, ਕਾਰਖਾਨੇ ਲਾਉਣ ਦੇ ਤਰੀਕਿਆਂ ਬਾਰੇ ਕਿਸੇ ਧਾਰਮਿਕ ਕਿਤਾਬ ਵਿੱਚ ਲਿਖਿਆ ਹੋਵੇ ? ਠੀਕ ਹੈ ਸਮਾਜਿਕ ਗੱਲਾਂ ਲਿਖੀਆਂ ਹੋਈਆਂ ਪਰ ਫ਼ ?ਰ ਉਹਨਾਂ ਵਿੱਚ ਵੀ ਸਮੇਂ ਨਾਲ ਬਦਲਾਵ ਆ ਚੁੱਕਿਆ ਪਰ ਅਸੀਂ ਜਦੋਂ ਪੁਰਾਣੀਆਂ ਨੂੰ ਹੀ ਪੁਜੀ ਜਾਣਾ ( ਪ੍ਰੈਕਟਿਸ ਨਹੀਂ ਕਰਨੀ ) ਫ਼ ?ਰ ਸੁਧਾਰ ਕਿਵੇਂ ਹੋਣਾ, ਖਾਈ ਜਾਓ ਧਾਰਮਿਕ ਗੰਡੇ ਅਤੇ ਸਿਆਸੀ ਡੰਡੇ ਤੇ ਗੀਤ ਗਾਓ ਪੰਜਾਬ ਬਹੁਤ ਬਹਾਦਰ ਹੈ ਤੇ ਭਾਰਤ ਬਹੁਤ ਮਹਾਨ ਹੈ

" ਪਰ ਅਸਲ ਵਿੱਚ ਇੱਥੇ ਨੁਕਸਾਨ ਵੀ ਸ਼ਾਨ ਹੈ ।"

**ਡਾ. ਦਲੇਰ ਸਿੰਘ ਮੁਲਤਾਨੀ**
**ਸਿਵਲ ਸਰਜਨ (ਰਿਟਾਇਰ)**
**9814127296**
**7717319896**

# ਜਲੰਧਰ 'ਚ ਪਵਿੱਤਰ ਨਗਰ ਕੀਰਤਨ ਨੂੰ ਦਿੱਤਾ ਗਿਆ 'ਗਾਰਡ ਆਫ਼ ਆਨਰ', ਵੱਡੀ ਗਿਣਤੀ ਸੰਗਤ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਤਿਕਾਰ ਤੇ ਸ਼ਰਧਾ ਭੇਟ

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸ਼ਰਧਾ ਭਾਵਨਾ ਨਾਲ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ

ਮਨਦੀਪ ਕੌਰ

ਜਲੰਧਰ, : ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਵਿੱਤਰ ਨਗਰ ਕੀਰਤਨ ਨੂੰ ਜਲੰਧਰ ਦੇ ਗੁਰੂ ਨਾਨਕ ਮਿਸ਼ਨ ਚੌਕ ਵਿਖੇ ਪਹੁੰਚਣ 'ਤੇ ਪੰਜਾਬ ਪੁਲਿਸ ਦੀ ਟੁਕੜੀ ਵਲੋਂ 'ਗਾਰਡ ਆਫ਼ ਆਨਰ' ਦਿੱਤਾ ਗਿਆ। ਸ਼ੁੱਕਰਵਾਰ ਰਾਤ ਨੂੰ ਜ਼ਿਲ੍ਹੇ ਵਿੱਚ ਪ੍ਰਵੇਸ਼ ਹੋਣ ਵਾਲਾ ਇਹ ਪਵਿੱਤਰ ਨਗਰ ਕੀਰਤਨ ਸ਼ਨੀਵਾਰ ਨੂੰ ਗੁਰਦੁਆਰਾ ਡੇਰਾ ਸੰਤਗੜ੍ਹ ਸਾਹਿਬ ਤੋਂ ਆਪਣਾ ਅਗਲਾ ਪੜਾਅ ਮੁੜ ਆਰੰਭ ਕਰਕੇ ਸ਼ਹਿਰ ਦੇ ਵੱਖ-ਵੱਖ ਸਥਾਨਾਂ ਤੋਂ ਹੁੰਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਇਆ। ਵੱਡੀ ਗਿਣਤੀ ਸੰਗਤਾਂ ਸਤਿਕਾਰ ਭੇਟ ਕਰਨ ਲਈ ਸੜਕਾਂ 'ਤੇ ਕਤਾਰਾਂ ਬੰਨ੍ਹ ਕੇ ਖੜ੍ਹੀਆਂ ਸਨ। ਜਿਵੇਂ ਹੀ ਨਗਰ ਕੀਰਤਨ ਅੱਗੇ ਵਧਿਆ, ਸੰਗਤਾਂ ਵੱਲੋਂ ਨਤਮਸਤਕ ਹੁੰਦਿਆਂ ਸ਼ਰਧਾ ਭਾਵ ਨਾਲ ਸਵਾਗਤ ਕੀਤਾ ਗਿਆ। ਗੁਰਬਾਣੀ ਦੇ ਸ਼ਬਦ ਗਾਇਨ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸੀਸ ਝੁਕਾਇਆ ਗਿਆ, ਜਿਸ ਨਾਲ ਸਮੁੱਚਾ ਮਾਹੌਲ ਧਾਰਮਿਕ ਤੇ ਅਧਿਆਤਮਿਕਤਾ ਦੇ ਰੰਗ ਵਿੱਚ ਰੰਗਿਆ ਗਿਆ। ਪਵਿੱਤਰ ਨਗਰ ਕੀਰਤਨ ਵਿੱਚ ਵੱਖ-ਵੱਖ ਸ਼ਖਸੀਅਤਾਂ, ਜਿਨ੍ਹਾਂ ਵਿੱਚ ਕੈਬਨਿਟ ਮੰਤਰੀ ਮੋਹਿੰਦਰ ਭਗਤ, ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ



ਵਿਭਾਗ ਦੇ ਸਲਾਹਕਾਰ ਦੀਪਕ ਬਾਲੀ, ਮੇਅਰ ਵਿਨੀਤ ਧੀਰ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਅਤੇ ਪੰਜਾਬ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਪਵਨ ਕੁਮਾਰ ਟੀਨੂੰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੁੰਦਿਆਂ ਸ਼ਾਂਤੀ ਅਤੇ ਸਮੁੱਚੀ ਮਨੁੱਖਤਾ ਦੀ ਭਲਾਈ ਦੀ ਕਾਮਨਾ ਕਰਦਿਆਂ 'ਸਰਬੱਤ ਦੇ ਭਲੇ' ਦੀ ਅਰਦਾਸ ਕੀਤੀ ਗਈ। ਇਸ ਮੌਕੇ ਸੰਗਤਾਂ ਦੇ ਰੂ-ਬਰੂ ਹੁੰਦਿਆਂ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਯਾਦਗਾਰੀ ਸਮਾਗਮ ਕਰਵਾਏ ਜਾ ਰਹੇ ਹਨ। ਇਨ੍ਹਾਂ ਰਾਜ ਵਿਆਪੀ ਸਮਾਗਮਾਂ ਦੀ ਲੜੀ ਵਿੱਚ ਨਗਰ ਕੀਰਤਨ, ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ੇਸ਼ ਵਿਧਾਨ ਸਭਾ ਸੈਸ਼ਨ, ਡਰੋਨ ਸ਼ੋਅ, ਲਾਈਟ ਐਂਡ ਸਾਊਂਡ ਸ਼ੋਅ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਹ ਪਵਿੱਤਰ ਸਮਾਗਮ ਕਰਵਾਉਣ ਦਾ ਉਦੇਸ਼ ਗੁਰੂ ਸਾਹਿਬ ਜੀ ਦੇ ਸ਼ਾਂਤੀ ਅਤੇ ਵਿਸ਼ਵਵਿਆਪੀ ਭਾਈਚਾਰਕ ਸਾਂਝ ਦੇ

**ਕੈਬਨਿਟ ਮੰਤਰੀ, ਸਲਾਹਕਾਰ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ, ਡਿਪਟੀ ਕਮਿਸ਼ਨਰ ਤੇ ਪੁਲਿਸ ਕਮਿਸ਼ਨਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਸਰਬੱਤ ਦੇ ਭਲੇ ਦੀ ਕੀਤੀ ਅਰਦਾਸ**

ਸਦੀਵੀ ਸੰਦੇਸ਼ ਨੂੰ ਦੁਨੀਆ ਦੇ ਕੋਨੇ-ਕੋਨੇ ਤੱਕ ਫੈਲਾਉਣਾ ਹੈ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨੁੱਖੀ ਅਧਿਕਾਰਾਂ ਅਤੇ ਮਾਣ-ਸਨਮਾਨ ਦੀ ਰੱਖਿਆ ਲਈ ਅਦੁੱਤੀ ਸ਼ਹਾਦਤ ਦਿੱਤੀ ਗਈ, ਜੋ ਕਿ ਸਭ ਤਰ੍ਹਾਂ ਦੇ ਧਾਰਮਿਕ ਵਖਰੇਵਿਆਂ ਤੋਂ ਪਰੇ ਸੀ। ਕੈਬਨਿਟ ਮੰਤਰੀ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ 23 ਨਵੰਬਰ ਤੋਂ 25 ਨਵੰਬਰ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਡੇ ਪੱਧਰ 'ਤੇ ਸਮਾਗਮ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਪਵਿੱਤਰ ਨਗਰੀ ਵਿਖੇ ਆਉਣ ਵਾਲੀਆਂ ਲੱਖਾਂ ਸੰਗਤਾਂ ਦੀ ਸਹੂਲਤ ਲਈ ਵਿਆਪਕ ਪ੍ਰਬੰਧ ਕੀਤੇ ਗਏ ਹਨ। ਸਮਾਗਮਾਂ ਦੌਰਾਨ ਸੰਗਤ ਦੀ ਭਾਰੀ ਆਮਦ ਨੂੰ ਸੁਵਿਧਾਜਨਕ ਬਣਾਉਣ ਲਈ ਦੋ ਪ੍ਰਮੁੱਖ ਟੈਂਟ ਸਿਟੀਜ਼ 'ਚੱਕ ਨਾਨਕੀ ਨਿਵਾਸ' ਟੈਂਟ ਸਿਟੀ ਅਤੇ 'ਭਾਈ ਮਤੀ ਦਾਸ ਨਿਵਾਸ' ਟੈਂਟ ਸਿਟੀ ਸਥਾਪਤ ਕੀਤੀਆਂ ਗਈਆਂ ਹਨ, ਜਿਸ ਵਿੱਚ ਲਗਭਗ 10,000 ਸੰਗਤ ਦੇ ਠਹਿਰਣ ਦੀ ਵਿਵਸਥਾ ਕੀਤੀ ਗਈ ਹੈ। ਪੰਜਾਬ ਦੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਦੱਸਿਆ ਕਿ 23 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਾਬਾ ਬੁੱਢਾ ਦਲ ਛਾਉਣੀ ਨੇੜੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ। ਵਿਰਾਸਤ-ਏ-ਖਾਲਸਾ ਯਾਦਗਾਰ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਜੀਵਨ ਤੇ ਫਲਸਫੇ ਨੂੰ ਦਰਸਾਉਂਦੀ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ ਜਾਵੇਗਾ। ਇਸੇ ਦਿਨ ਮੁੱਖ ਪੰਡਾਲ ਬਾਬਾ ਬੁੱਢਾ ਦਲ ਛਾਉਣੀ ਵਿਖੇ ਸੂਬਾ ਸਰਕਾਰ ਵੱਲੋਂ ਸਰਬ ਧਰਮ ਸੰਮੇਲਨ ਕਰਵਾਇਆ ਜਾਵੇਗਾ। 24 ਨਵੰਬਰ ਨੂੰ ਹੋਰ ਮਹੱਤਵਪੂਰਣ ਸਮਾਗਮਾਂ ਤੋਂ ਇਲਾਵਾ ਭਾਈ ਜੈਤਾ ਜੀ ਦੀ ਯਾਦਗਾਰ ਵਿਖੇ ਪਹਿਲੀ ਵਾਰ ਚੰਡੀਗੜ੍ਹ ਤੋਂ ਬਾਹਰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਕਰਵਾਇਆ ਜਾਵੇਗਾ। ਇਸੇ ਤਰ੍ਹਾਂ ਵਿਰਾਸਤ-ਏ-ਖਾਲਸਾ ਯਾਦਗਾਰ ਵਿਖੇ 23 ਤੋਂ 29 ਨਵੰਬਰ ਤੱਕ ਰੋਜ਼ਾਨਾ ਡਰੋਨ ਸ਼ੋਅ ਕਰਵਾਏ ਜਾਣਗੇ। ਉਨ੍ਹਾਂ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿੱਚ ਸ਼ਰਧਾਪੂਰਵਕ ਵਧ-ਚੜ੍ਹ ਕੇ ਸ਼ਿਰਕਤ ਕਰਨ ਦਾ ਸੱਦਾ ਦਿੱਤਾ। ਚੇਅਰਮੈਨ ਪਵਨ ਕੁਮਾਰ ਟੀਨੂੰ ਨੇ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ ਅਤੇ ਫਲਸਫਾ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ ਹੈ। ਉਨ੍ਹਾਂ ਲੋਕਾਂ ਨੂੰ ਗੁਰੂ ਸਾਹਿਬ ਵੱਲੋਂ ਹਿੰਮਤ, ਦਇਆ ਅਤੇ ਨਿਰਸਵਾਰਥ ਸੇਵਾ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਸੱਦਾ ਦਿੱਤਾ। ਇਸ ਮੌਕੇ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਨੇ ਪੂਰੀ ਮਰਿਆਦਾ ਨਾਲ ਨਗਰ ਕੀਰਤਨ ਵਿੱਚ ਸ਼ਿਰਕਤ ਕਰਨ ਲਈ ਸੰਗਤ ਦਾ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਪਵਿੱਤਰ ਨਗਰ ਕੀਰਤਨ ਸ਼ੁੱਕਰਵਾਰ ਦੀ ਰਾਤ ਨੂੰ ਕਪੂਰਥਲਾ ਤੋਂ ਕਰਤਾਰਪੁਰ ਹੁੰਦਾ ਹੋਇਆ ਜਲੰਧਰ 'ਚ ਦਾਖ਼ਲ ਹੋਇਆ, ਜਿਥੇ ਵਿਧਾਇਕ ਕਰਤਾਰਪੁਰ ਬਲਕਾਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ ਅਤੇ ਸੰਗਤ ਸਮੇਤ ਨਗਰ ਕੀਰਤਨ ਦਾ ਸਤਿਕਾਰ ਅਤੇ ਸ਼ਰਧਾ ਨਾਲ ਸਵਾਗਤ ਕੀਤਾ । ਇਸੇ ਤਰ੍ਹਾਂ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ, ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ, ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਵਲੋਂ ਮਕਸੂਦਾਂ ਚੌਕ ਵਿਖੇ ਪਹੁੰਚਣ 'ਤੇ ਨਗਰ ਕੀਰਤਨ ਵਿੱਚ ਸ਼ਿਰਕਤ ਕੀਤੀ ਗਈ। ਉਪਰੰਤ ਨਗਰ ਕੀਰਤਨ ਰਾਤ ਦੇ ਠਹਿਰਾਓ ਲਈ ਵਰਕਸ਼ਾਪ ਚੌਕ ਤੋਂ ਕਪੂਰਥਲਾ ਚੌਕ ਤੋਂ ਹੁੰਦਾ ਹੋਏ ਗੁਰਦੁਆਰਾ ਡੇਰਾ ਸੰਤਗੜ੍ਹ ਸਾਹਿਬ ਪਹੁੰਚਿਆ।



ਸ੍ਰੀ ਅਨੰਦਪੁਰ ਸਾਹਿਬ ਵਿਖੇ ਨਗਰ ਕੀਰਤਨਾਂ ਦੇ ਰਸਤੇ ਵਿੱਚ ਗੁਲਾਬ ਦੇ ਫੁੱਲਾਂ ਦੀ ਵਰਖਾ ਕਰਦਿਆਂ, ਪੰਜਾਬ ਦੇ ਆਈ.ਪੀ.ਆਰ. ਮੰਤਰੀ ਹਰਜੋਤ ਸਿੰਘ ਬੈਂਸ, ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਅਤੇ ਸ੍ਰੀ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ।

# ਪੰਜਾਬ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਨੇ ਕਿਸਾਨਾਂ ਲਈ ਲੋਨ ਸਕੀਮ ਮੁੜ ਸ਼ੁਰੂ ਕੀਤੀ

## ਚੇਅਰਮੈਨ ਪਵਨ ਕੁਮਾਰ ਟੀਨੂੰ ਨੇ 24 ਲਾਭਪਾਤਰੀਆਂ ਨੂੰ ਇੱਕ ਕਰੋੜ ਰੁਪਏ ਦੇ ਚੈਕ ਵੰਡੇ, ਕਿਸਾਨ-ਪੱਖੀ ਕਰਜ਼ਾ ਸਹੂਲਤ ਦੀ ਮੁੜ ਸ਼ੁਰੂਆਤ

ਹਰਵਿੰਦਰ ਸਿੰਘ

ਜਲੰਧਰ, : ਪੰਜਾਬ ਵਿੱਚ ਖੇਤੀਬਾੜੀ ਕਰਜ਼ ਸਹੂਲਤ ਨੂੰ ਮਜ਼ਬੂਤ ਕਰਨ ਲਈ ਇੱਕ ਮਹੱਤਵਪੂਰਨ ਕਦਮ ਤਹਿਤ ਪੰਜਾਬ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਪਵਨ ਕੁਮਾਰ ਟੀਨੂੰ ਵੱਲੋਂ ਅੱਜ ਵੱਖ-ਵੱਖ ਜ਼ਿਲ੍ਹਿਆਂ ਦੇ 24 ਕਿਸਾਨਾਂ ਨੂੰ ਇੱਕ ਕਰੋੜ ਰੁਪਏ ਦੇ ਚੈਕ ਸੌਂਪ ਕੇ ਲੋਨ ਵੰਡ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ।

ਖੇਤੀਬਾੜੀ ਵਿਕਾਸ ਬੈਂਕ ਦੀ ਲੰਮੇ ਸਮੇ ਤੋਂ ਬੰਦ ਪਈ ਲੋਨ ਸਹੂਲਤ ਨੂੰ ਮੁੜ ਸੁਰਜੀਤ ਕਰਨ ਲਈ ਇਹ ਸਮਾਗਮ ਅੱਜ ਜਲੰਧਰ ਵਿਖੇ ਐਗਰੀਕਲਚਰ ਸਟਾਫ਼ ਟ ?ਰੇਨਿੰਗ ਇੰਸਟੀਚਿਊਟ ਵਿਚ ਹੋਇਆ।

ਸਮਾਗਮ ਵਿਚ ਮੌਜੂਦ ਲੋਕਾਂ ਨੂੰ ਸੰਬੋਧਨ ਕਰਦਿਆਂ ਸ਼ ?ਰੀ ਟੀਨੂੰ ਨੇ ਕਿਹਾ ਕਿ ਇਹ "ਮਾਣ ਦੀ ਗੱਲ "ਹੈ ਕਿ ਕਿਸਾਨ-ਹਿਤੈਸ਼ੀ ਸੰਸਥਾ ਨੇ ਕਈ ਸਾਲਾਂ ਦੀ ਖੜੋਤ ਤੋਂ ਬਾਅਦ ਆਪਣਾ ਕੰਮ ਮੁੜ ਸ਼ੁਰੂ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ, ਜੋ 1957 ਤੋਂ ਸਧਾਰਨ ਵਿਆਜ 'ਤੇ ਲੋਨ ਦੇ ਰਿਹਾ ਸੀ, ਦੀਆਂ ਸੇਵਾਵਾਂ ਪਿਛਲੀਆਂ ਸਰਕਾਰਾਂ ਦੀ ਅਣਗਹਿਲੀ ਕਾਰਨ ਰੁਕ ਗਈਆਂ ਸਨ। ਚੇਅਰਮੈਨ ਨੇ ਕਿਹਾ ਕਿ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 2022 ਵਿੱਚ 900 ਕਰੋੜ ਰੁਪਏ ਤੋਂ ਵੱਧ ਦੀ ਰਕਮ ਜਾਰੀ ਕਰਨ ਤੋਂ ਬਾਅਦ ਹੀ ਇਹ ਬੈਂਕ ਦੁਬਾਰਾ ਚੱਲਣ ਯੋਗ ਬਣਿਆ, ਜਿਸ ਨਾਲ ਬੈਂਕ ਨੂੰ "ਇੱਕ




ਨਵੀਂ ਜ਼ਿੰਦਗੀ "ਮਿਲੀ। ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅਮ੍ਰਿਤਪਾਲ ਸਿੰਘ, ਜਲੰਧਰ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਰਮਨੀਕ ਸਿੰਘ ਰੰਧਾਵਾ ਸਮੇਤ ਸ਼ ?ਰੀ ਟੀਨੂੰ ਨੇ ਵੱਖ-ਵੱਖ ਜ਼ਿਲ੍ਹਿਆਂ ਦੇ ਲਾਭਪਾਤਰੀਆਂ ਨੂੰ ਚੈਕ ਵੰਡੇ। ਉਨ੍ਹਾਂ ਅੱਗੇ ਦੱਸਿਆ ਕਿ ਬੈਂਕ ਖੇਤੀ, ਗੈਰ-ਖੇਤੀ, ਸਿੱਖਿਆ ਅਤੇ ਆਪਣੇ ਕਰਮਚਾਰੀਆਂ ਸਮੇਤ ਕਈ ਖੇਤਰਾਂ ਹੇਠ ਲੋਨ ਮੁਹੱਈਆ ਕਰੇਗਾ। ਉਨ੍ਹਾਂ ਇਸ ਗੱਲ 'ਵੀ ਜ਼ੋਰ ਦਿੱਤਾ ਕਿ ਮੁੜ ਸ਼ੁਰੂ ਕੀਤੀ ਗਈ ਇਹ ਲੋਨ ਸਹੂਲਤ ਕਿਸਾਨਾਂ ਲਈ ਬਹੁਤ ਮਦਦਗਾਰ ਸਾਬਿਤ ਹੋਵੇਗੀ, ਕਿਉਂਕਿ ਬੈਂਕ ਹੋਰ ਬੈਂਕਿੰਗ ਸੈਕਟਰ ਨਾਲੋਂ ਸਭ ਤੋਂ ਘੱਟ ਵਿਆਜ ਦਰਾਂ 'ਤੇ ਕਰਜ਼ਾ ਉਪਲਬਧ ਕਰਵਾਏਗਾ। ਮੁੱਖ ਮੰਤਰੀ ਦਾ ਧੰਨਵਾਦ ਪ੍ਰਗਟਾਉਂਦਿਆਂ ਸ਼ ?ਰੀ ਟੀਨੂੰ ਨੇ ਕਿਹਾ ਕਿ ਸਰਕਾਰ ਹਮੇਸ਼ਾ ਕਿਸਾਨਾਂ ਦੀ ਭਲਾਈ ਨੂੰ ਤਰਜੀਹ ਦਿੰਦੀ ਆਈ ਹੈ। ਉਨ੍ਹਾਂ ਹਾਲ ਹੀ ਵਿੱਚ ਫ਼ਸਲੀ ਨੁਕਸਾਨ ਦੀ ਭਰਪਾਈ ਤੇਜ਼ੀ ਨਾਲ ਕੀਤੇ ਜਾਣ ਨੂੰ ਇਸਦਾ ਹੋਰ ਇੱਕ ਮਹੱਤਵਪੂਰਣ ਉਦਾਹਰਣ ਦੱਸਿਆ। ਉਨ੍ਹਾਂ ਕਿਹਾ ਕਿ ਨਵੀਂ ਕਰਜ਼ਾ ਯੋਜਨਾ ਪੰਜਾਬ ਦੇ ਖੇਤੀਬਾੜੀ ਭਾਈਚਾਰੇ ਨੂੰ ਮਜ਼ਬੂਤ ਬਣਾਉਣ ਅਤੇ ਪੇਂਡੂ ਅਰਥਵਿਵਸਥਾ ਨੂੰ ਤਰੱਕੀ ਦੇਣ ਵਿੱਚ ਮਦਦ ਕਰੇਗੀ। ਇਸ ਮੌਕੇ ਐਸ.ਏ.ਡੀ.ਬੀ. ਦੀ ਮੈਨੇਜਿੰਗ ਡਾਇਰੈਕਟਰ ਬਰਜਿੰਦਰ ਕੌਰ ਬਾਜਵਾ, ਏ.ਐਮ.ਡੀ. ਰਜਵਿੰਦਰ ਰੰਧਾਵਾ, ਜੀ.ਐਮ. ਅਮਨਦੀਪ ਸਿੰਘ, ਪ੍ਰੀਤ ਮੋਹਿੰਦਰ ਸਿੰਘ, ਡੀ.ਜੀ.ਐਮ. ਰਜਨੀਸ਼ ਬਾਂਸਲ, ਸੁਨੀਲ ਮਹਾਜਨ, ਰੀਜਨਲ ਅਫ਼ਸਰ ਹਰਪ੍ਰੀਤ ਸਿੰਘ ਚੀਮਾ, ਜੁਆਇੰਟ ਰਜਿਸਟਰਾਰ ਉਮੇਸ਼ ਵਰਮਾ, ਡਿਪਟੀ ਰਜਿਸਟਰਾਰ ਗੁਰਵਿੰਦਰਜੀਤ ਸਿੰਘ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਗੁਰਚਰਨ ਸਿੰਘ ਚੰਨੀ, ਅਤਮ ਪ੍ਰਕਾਸ਼ ਬਬਲੂ ਅਤੇ ਹੋਰ ਸਨਮਾਨਿਤ ਵਿਅਕਤੀ ਮੌਜੂਦ ਸਨ।

## ਪ੍ਰਸਤਾਵਿਤ 131ਵੀਂ ਸੰਵਿਧਾਨਕ ਸੋਧ

# ਚੰਡੀਗੜ੍ਹ ਨੂੰ ਪੰਜਾਬ ਤੋਂ ਖੋਹਣ ਦੀ ਕਿਸੇ ਵੀ ਕੋਸ਼ਿਸ਼ ਵਿਰੁੱਧ ਚੇਤਾਵਨੀ ਦਿੱਤੀ

ਐਸ. ਕੇ. ਸਕਸੈਨਾ

ਚੰਡੀਗੜ੍ਹ, : ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਚੰਡੀਗੜ੍ਹ ਨੂੰ ਪੰਜਾਬ ਤੋਂ ਖੋਹਣ ਵਿਰੁੱਧ ਚੇਤਾਵਨੀ ਦਿੱਤੀ ਹੈ, ਜਿਵੇਂ ਕਿ ਭਾਰਤ ਦੇ ਸੰਵਿਧਾਨ ਵਿੱਚ 131ਵੀਂ ਸੋਧ ਰਾਹੀਂ ਪ੍ਰਸਤਾਵਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਉਮੀਦ ਕੀਤੀ ਹੈ ਕਿ ਕੇਂਦਰ ਸਰਕਾਰ ਵਿੱਚ ਬਿਹਤਰ ਸਮਝ ਆਏਗੀ ਅਤੇ ਉਹ ਅਜਿਹਾ ਕੋਈ ਵੀ ਕਾਨੂੰਨ ਨਹੀਂ ਬਣਾਏਗੀ, ਜਿਹੜਾ ਪੂਰੀ ਤਰ੍ਹਾਂ ਨਾਲ ਬੇਲੋੜਾ ਹੈ। ਉਨ੍ਹਾਂ ਨੇ ਚੇਤਾਵਨੀ ਦਿਤੀ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਇਸਨੂੰ ਖੋਹਣ ਦੀ ਕਿਸੇ ਵੀ ਕੋਸ਼ਿਸ਼ ਦੇ ਗੰਭੀਰ ਨਤੀਜੇ ਹੋਣਗੇ ਅਤੇ ਉਮੀਦ ਕੀਤੀ ਕਿ ਕੇਂਦਰ ਸਰਕਾਰ ਅਜਿਹਾ ਕੋਈ ਗਲਤ ਕਦਮ ਨਹੀਂ ਚੁੱਕੇਗੀ ਤੇ ਪ੍ਰਸਤਾਵਿਤ ਬਿੱਲ ਵਿੱਚ ਜ਼ਰੂਰੀ ਸੋਧਾਂ ਕਰੇਗੀ। ਵੜਿੰਗ, ਜਿਹੜੇ ਸੰਸਦ ਵਿੱਚ ਲੁਧਿਆਣਾ ਦੀ ਨੁਮਾਇੰਦਗੀ ਵੀ ਕਰਦੇ ਹਨ, ਨੇ ਜ਼ੋਰ ਦਿੰਦਿਆਂ ਕਿਹਾ ਕਿ ਕਾਂਗਰਸ ਪਾਰਲੀਮੈਂਟ ਵਿੱਚ ਇਸ



ਕਾਨੂੰਨੀਕਰਨ ਦਾ ਸਖ਼ਤ ਵਿਰੋਧ ਕਰੇਗੀ ਅਤੇ ਇਹ ਯਕੀਨੀ ਬਣਾਉਣ ਲਈ ਸਮਾਨ ਸੋਚ ਵਾਲੀਆਂ ਪਾਰਟੀਆਂ ਨਾਲ ਗੱਲ ਕਰੇਗੀ ਕਿ ਇਹ ਪਾਸ ਨਾ ਹੋਵੇ। ਉਨ੍ਹਾਂ ਪੰਜਾਬ ਭਾਜਪਾ ਦੇ ਆਗੂਆਂ ਨੂੰ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਵੀ ਕਿਹਾ ਹੈ। ਉਹਨਾਂ ਨੇ ਪੰਜਾਬ ਭਾਜਪਾ ਦੇ ਲੀਡਰਸ਼ਿਪ ਨੂੰ ਚੁਨੌਤੀ

**ਭਾਜਪਾ ਦੇ ਸੂਬਾ ਲੀਡਰਸ਼ਿਪ ਨੂੰ ਦਿੱਤੀ ਚੁਣੌਤੀ - ਤੁਸੀਂ ਪੰਜਾਬ ਦੇ ਨਾਲ ਹੋ ਜਾਂ ਫਿਰ ਪੰਜਾਬ ਦੇ ਵਿਰੁੱਧ ਹੋ**

ਦਿੰਦਿਆਂ ਕਿਹਾ ਕਿ ਤੁਸੀਂ ਪੰਜਾਬ ਦੇ ਨਾਲ ਹੋ, ਜਾਂ ਫਿਰ ਪੰਜਾਬ ਦੇ ਵਿਰੁੱਧ, ਇਹ ਤੁਹਾਡੇ ਅੱਜ ਦੇ ਸਟੈਂਡ ਤੋਂ ਤੈਅ ਹੋਵੇਗਾ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਅਪੀਲ ਕੀਤੀ ਹੈ ਕਿ ਜੇਕਰ ਅਜਿਹਾ ਕੋਈ ਪ੍ਰਸਤਾਵ ਹੈ, ਤਾ ਉਹ ਬਹੁਤ ਦੇਰ ਹੋਣ ਤੋਂ ਪਹਿਲਾਂ, ਇਸਨੂੰ ਸ਼ੁਰੂਆਤ ਵਿੱਚ ਹੀ ਰੋਕਣ ਕਰਨ ਲਈ ਤੁਰੰਤ ਕੇਂਦਰ ਸਰਕਾਰ ਕੋਲ ਮਾਮਲਾ ਉਠਾਉਣ। ਇਸ ਸਬੰਧ ਵਿੱਚ, ਸੂਬਾ ਕਾਂਗਰਸ ਪ੍ਰਧਾਨ ਨੇ ਕੇਂਦਰੀ ਸਿੱਖਿਆ ਮੰਤਰਾਲੇ ਵੱਲੋਂ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਨੂੰ ਰੱਦ ਕਰਨ ਸਬੰਧੀ ਪਹਿਲਾਂ ਦਿੱਤੇ ਗਏ ਹੁਕਮਾਂ ਦੀ ਪਿਛੋਕੜ ਵਿੱਚ ਮਜਬੂਤ ਖਦਸ਼ੇ ਪ੍ਰਗਟ ਕੀਤੇ ਹਨ। ਇਨ੍ਹਾਂ ਹੁਕਮਾਂ ਨੂੰ ਪੰਜਾਬ ਵੱਲੋਂ ਸਖ਼ਤ ਵਿਰੋਧ ਤੋਂ ਬਾਅਦ ਵਾਪਸ ਲੈ ਲਿਆ ਗਿਆ ਹੈ। ਉਨ੍ਹਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਸਮੇਂ-ਸਮੇਂ 'ਤੇ ਕੇਂਦਰ ਦੀਆਂ ਸਰਕਾਰਾਂ ਨੇ ਵਚਨਬੱਧਤਾ ਪ੍ਰਗਟਾਈ ਹੈ ਅਤੇ ਦੁਹਰਾਇਆ ਹੈ ਕਿ ਚੰਡੀਗੜ੍ਹ ਸਿਰਫ਼ ਪੰਜਾਬ ਦਾ ਹੈ ਤੇ ਇਸਨੂੰ ਇਸਦੇ ਮੂਲ ਸੂਬੇ ਵਿੱਚ ਟਰਾਂਸਫਰ ਕਰਨ ਵਿੱਚ ਦੇਰੀ ਕਿਸੇ ਵੀ ਤਰ੍ਹਾਂ ਪੰਜਾਬ ਦੇ ਪੱਖ ਨੂੰ ਕਮਜ਼ੋਰ ਨਹੀਂ ਕਰਦੀ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਅਜਿਹੇ ਕਿਸੇ ਵੀ ਪ੍ਰਸਤਾਵ ਨੂੰ ਤੁਰੰਤ ਰੱਦ ਕਰਨ ਲਈ ਕਿਹਾ ਹੈ, ਨਹੀਂ ਤਾਂ ਇਸਦੇ ਨਤੀਜੇ ਬਹੁਤ ਗੰਭੀਰ ਹੋਣਗੇ।

# ਮਿਹਨਤੀ ਮਿਲਸਾਰ ਤੇ ਵਿਕਾਸ ਪੁਰਸ਼ ਸਨ ਸ. ਰਣਜੀਤ ਸਿੰਘ ਸਾਮਾ

ਜਸਪਾਲ

ਮਾਰਕੀਟ ਕਮੇਟੀ ਫਿਰੋਜ਼ਪੁਰ ਛਾਉਣੀ ਦੇ ਸਾਬਕਾ ਚੇਅਰਮੈਨ ਤੇ ਇਲਾਕੇ ਦੀ ਸਤਿਕਾਰਤ ਸ਼ਖਸ਼ੀਅਤ ਸ. ਰਣਜੀਤ ਸਿੰਘ ਸਾਮਾ ਬੀਤੇ ਸੋਮਵਾਰ ਨੂੰ ਅਕਾਲ ਚਲਾਣਾ ਕਰ ਗਏ ।ਉਹ ਮਿਹਨਤੀ , ਮਿਲਣਸਾਰ ਤੇ ਵਿਕਾਸ ਪੁਰਸ਼ ਵਜੋਂ ਜਾਣੇ ਜਾਂਦੇ ਸਨ ।ਉਹਨਾਂ ਦੀ ਬਹੁਪੱਖੀ ਸ਼ਖਸ਼ੀਅਤ ਕਾਰਨ ਇਲਾਕੇ ਤੇ ਦੇਸ਼ ਵਿਦੇਸ਼ ਤੋਂ ਲੋਕਾਂ ਨੇ ਉਹਨਾਂ ਦੇ ਅਕਾਲ ਚਲਾਣੇ ਤੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਉਹਨਾਂ ਦੇ ਵਿਛੋੜੇ ਨੂੰ ਇਲਾਕੇ ਤੇ ਪਰਿਵਾਰ ਲਈ ਵੱਡਾ ਘਾਟਾ ਦੱਸਿਆ। ਸ੍ਰ. ਰਣਜੀਤ ਸਿੰਘ ਸਾਮਾ ਦਾ ਜਨਮ ਅਗਸਤ 1948 ਵਿੱਚ ਪਿਤਾ ਭਗਤ ਮਈਆ ਦਾਸ ਨੰਬਰਦਾਰ ਦੇ ਗ੍ਰਹਿ ਪਿੰਡ ਨੂਰਪੁਰ ਸੇਠਾਂ ਵਿਖੇ ਹੋਇਆ। ਮੁੱਢਲੀ ਸਿੱਖਿਆ ਨੂਰਪੁਰ ਸੇਠਾਂ, ਸਰਕਾਰੀ ਸਕੂਲ ਬਜੀਦਪੁਰ ਅਤੇ ਹਾਇਰ ਸੈਕੰਡਰੀ ਤੱਕ ਦੀ ਸਿੱਖਿਆ ਡਾਲਰ ਚੰਦ ਮੈਮੋਰੀਅਲ ਸਕੂਲ ਫਿਰੋਜ਼ਪੁਰ ਛਾਉਣੀ ਤੋਂ ਪ੍ਰਾਪਤ ਕੀਤੀ। ਸਰਕਾਰੀ ਨੌਕਰੀ ਕਰਨ ਦੀ ਬਜਾਏ ਪਿਤਾ ਪੁਰਖੀ ਖੇਤੀਬਾੜੀ ਦਾ ਧੰਦਾ ਅਪਣਾਇਆ। ਸਾਲ 1972 ਵਿੱਚ



ਪਹਿਲੀ ਵਾਰ ਸਰਬ ਸੰਮਤੀ ਨਾਲ ਪਿੰਡ ਦੇ ਸਰਪੰਚ ਬਣੇ। ਉਹ ਉਸ ਸਮੇਂ ਪੰਜਾਬ ਵਿੱਚ ਸਭ ਤੋਂ ਛੋਟੀ ਉਮਰ ਤੇ ਸਰਪੰਚ ਸਨ ।ਇਸ ਦੌਰਾਨ ਪਿੰਡ ਦੇ ਵਿਕਾਸ ਕਾਰਜਾਂ ਨੂੰ ਸਮਰਪਿਤ ਹੋ ਕੇ ਸਮਾਜ ਭਲਾਈ ਦੇ ਕੰਮਾਂ ਵਿੱਚ ਜੁੱਟ ਗਏ। ਇਸੇ ਦੌਰਾਨ ਪਿੰਡ ਨੂਰਪੁਰ ਸੇਠਾਂ ਨੂੰ ਭਾਰਤ ਦਾ ਸੱਭ ਤੋਂ ਵਧੀਆ ਪਿੰਡ ਦਾ ਐਵਾਰਡ ਹਾਸਲ ਕਰਵਾਉਣ ਲਈ ਆਪ ਜੀ ਤੇ ਆਪ ਦੇ ਪਰਿਵਾਰ ਦੀ ਅਹਿਮ ਭੂਮਿਕਾ ਰਹੀ। ਸ਼ਿਰੋਮਣੀ ਅਕਾਲੀ ਦਲ ਦੇ ਪਹਿਲੀ ਕਤਾਰ ਦੇ ਆਗੂ ਹੋਣ ਕਰਕੇ ਪਿੰਡ ਦੀ ਬੇਹਤਰੀ ਵਾਸਤੇ ਵੱਡੇ ਉਪਰਾਲੇ ਕੀਤੇ, ਗੱਲ ਕੀ ਸਿਆਸੀ ਪੱਧਰ ਤੇ ਇਤਨਾ ਰਸੂਖ ਸੀ ਕਿ ਸਰਕਾਰ ਭਾਵੇਂ ਕੋਈ ਵੀ ਪਿੰਡ ਦੇ ਵਿਕਾਸ ਕਾਰਜ ਨਿਰੰਤਰ ਚਲਦੇ ਰਹੇ ।ਸਾਰੀਆਂ ਪਾਰਟੀਆਂ ਦੇ ਆਗੂ ਉਨ੍ਹਾਂ ਨੂੰ ਪੂਰਾ ਮਾਣ ਸਤਿਕਾਰ ਦਿੰਦੇ ਸਨ। ਆਪ ਜੀ ਦੇ ਪਿੰਡ ਪੱਖੀ ਸਾਕਾਰਾਤਮਕ ਰਵੱਈਏ ਸਦਕਾ ਸਾਲ1997 ਵਿੱਚ ਪਿੰਡ ਵਾਸੀਆਂ ਨੇ ਫਿਰ ਦੁਬਾਰਾ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਬਣਾਇਆ। ਸ਼ਰੋਮਣੀ ਅਕਾਲੀ ਦਲ ਦੇ ਸਿਰਮੌਰ ਆਗੂ ਹੋਣ ਸਦਕਾ ਆਪ ਜੀ ਨੂੰ ਮਾਰਕੀਟ ਕਮੇਟੀ ਫ਼ ?ਰੋਜ਼ਪੁਰ ਛਾਉਣੀ ਦਾ ਚੇਅਰਮੈਨ ਥਾਪਿਆ। ਪਾਰਟੀ ਵੱਲੋਂ ਦਿੱਤੀ ਗਈ ਜਿੰਮੇਵਾਰੀ ਨੂੰ ਆਪ ਜੀ ਨੇ ਬਾਖੂਬੀ ਨਿਭਾਇਆ ਅਤੇ ਸ਼ ?ਰੋਮਣੀ ਅਕਾਲੀ ਦਲ ਦੀ ਸ਼ਾਖ ਨੂੰ ਹੋਰ ਵਧਾਇਆ। ਚੈਅਰਮੈਨ ਦੇ ਆਹੁਦੇ ਤੇ ਹੁੰਦਿਆਂ ਆਪ ਜੀ ਨੇ ਪੂਰੇ ਇਲਾਕੇ ਵਿੱਚ ਸੜਕਾਂ ਦਾ ਜਾਲ ਵਿਛਾਇਆ। ਪਿੰਡ ,ਇਲਾਕੇ ਦੀ ਤਰੱਕੀ ਤੇ ਬੇਹਤਰੀ ਲਈ ਸਿਰ ਤੋੜ ਯਤਨ ਕੀਤੇ ।ਆਪ ਜੀ ਦੀ ਬਹੁਪੱਖੀ ਸਖਸ਼ੀਅਤ ਸਦਕਾ ਵਿੱਚ ਵੱਡੀਆਂ ਸਿਆਸੀ ਹਸਤੀਆਂ ਪਿੰਡ ਨੂਰਪੁਰ ਸੇਠਾਂ ਆਉਣ ਲਈ ਮਜਬੂਰ ਹੋ ਜਾਂਦੀਆਂ। ਆਪ ਜੀ ਦੇ ਚੜ੍ਹਦੀ ਕਲਾ ਵਾਲੇ ਸੁਭਾਅ ਅਤੇ ਪਿਆਰ ਸਦਕਾ ਆਪ ਜੀ ਦੇ ਪਰਮ ਮਿੱਤਰ ਤਤਕਾਲੀਨ ਗਵਰਨਰ ਪੰਜਾਬ ਲੈਫਟੀਨੈਂਟ ਜਨਰਲ ਬੀ ਕੇ ਐੱਨ ਛਿੱਬਰ, ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ, ਸੁਖਬੀਰ ਸਿੰਘ ਬਾਦਲ ਡਿਪਟੀ ਮੁੱਖ ਮੰਤਰੀ ਪੰਜਾਬ ਨੇ ਆਪ ਦੇ ਪਿੰਡ ਪਹੁੰਚ ਕੇ ਪਿਆਰ ਦਾ ਸਬੂਤ ਦਿੱਤਾ ।ਪਰਿਵਾਰਕ ਪਿਛੋਕੜ ਵਿੱਚ ਆਪ ਦੇ ਤਿੰਨ ਭਰਾ ਅਤੇ ਚਾਰ ਭੈਣਾ ਸਨ। ਆਪ ਜੀ ਦਾ ਵਿਆਹ ਸ਼੍ਰੀ ਮਤੀ ਸ਼ੀਲਾ ਕੌਰ ਨਾਲ ਹੋਇਆ। ਆਪ ਦੀ ਪਰਿਵਾਰਕ ਫੁਲਵਾੜੀ ਵਿੱਚ ਦੋ ਪੁੱਤਰ ਅਤੇ ਦੋ ਧੀਆਂ ਦਾ ਵਧੀਆ ਪਰਿਵਾਰ ਹੈ। ਉਨ੍ਹਾਂ ਦਾ ਵੱਡਾ ਬੇਟਾ ਗਰਾਮਰ ਸੀਨੀ. ਸਕੈਂਡਰੀ ਸਕੂਲ ਦਾ ਮਨੇਜਰ ਤੇ ਛੋਟਾ ਬੇਟਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਹੈ। ਸ. ਰਣਜੀਤ ਸਿੰਘ ਸਾਮਾ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਅੱਜ ਉਹਨਾਂ ਦੇ ਗ੍ਰਹਿ ਪਿੰਡ ਨੂਰਪੁਰ ਸੇਠਾਂ ਵਿਖੇ ਭੋਗ ਪਾਏ ਜਾਣਗੇ ਜਿੱਥੇ ਵੱਖ ਵੱਖ ਥਾਵਾਂ ਤੋਂ ਪੁੱਜੀਆਂ ਧਾਰਮਿਕ, ਸਮਾਜਿਕ ,ਰਾਜਨੀਤਕ ਸ਼ਖਸ਼ੀਅਤਾਂ ਇਲਾਵਾ ਉਹਨਾਂ ਦੇ ਸਨੇਹੀ ,ਰਿਸ਼ਤੇਦਾਰ ਤੇ ਮਿੱਤਰ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ।

# ਡਿਪਟੀ ਕਮਿਸ਼ਨਰ ਵੱਲੋਂ ਗਾਂਧੀ ਵਨੀਤਾ ਆਸ਼ਰਮ 'ਚ ਰਹਿਣ ਵਾਲੀ ਲੜਕੀ ਦੀ ਮੌਤ ਦੀ ਜਾਂਚ ਦੇ ਹੁਕਮ

ਪੰਕਜ

ਜਲੰਧਰ, : ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸ਼ਨੀਵਾਰ ਨੂੰ ਗਾਂਧੀ ਵਨੀਤਾ ਆਸ਼ਰਮ ਵਿੱਚ ਰਹਿਣ ਵਾਲੀ ਇਕ ਲੜਕੀ ਦੀ ਮੌਤ ਦੀ ਜਾਂਚ ਦੇ ਹੁਕਮ ਦਿੱਤੇ, ਜੋ ਸ਼ੁੱਕਰਵਾਰ ਰਾਤ ਬਾਥਰੂਮ ਵਿੱਚ ਡਿਗੀ ਹੋਈ ਹਾਲਤ ਵਿੱਚ ਮਿਲੀ ਸੀ। ਅਧਿਕਾਰੀਆਂ ਵੱਲੋਂ ਤੁਰੰਤ ਉਸਨੂੰ ਨੇੜਲੇ ਨਰਸਿੰਗ ਹੋਮ ਪਹੁੰਚਾਇਆ ਗਿਆ, ਜਿੱਥੋਂ ਉਸਨੂੰ ਸਿਵਲ ਹਸਪਤਾਲ ਜਲੰਧਰ ਰੈਫਰ ਕਰ ਦਿੱਤਾ ਗਿਆ, ਜਿਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਡਾ. ਅਗਰਵਾਲ ਨੇ ਸਬੰਧਤ ਐਸ.ਡੀ.ਐਮ. ਨੂੰ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਕੇ ਦੋ ਹਫਤਿਆਂ ਦੇ ਅੰਦਰ ਵਿਸਥਾਰਿਤ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ। ਇਸ ਦੌਰਾਨ ਅਧਿਕਾਰੀਆਂ ਵੱਲੋਂ ਲੜਕੀ ਦੇ ਮਾਤਾ-ਪਿਤਾ ਨੂੰ ਘਟਨਾ ਸਬੰਧੀ ਸੂਚਨਾ ਦੇ ਦਿੱਤੀ ਗਈ ਹੈ ਤਾਂ ਜੋ ਅਗਲੇਰੀ ਹੋਰ ਕਾਰਵਾਈ ਸ਼ੁਰੂ ਕੀਤੀ ਜਾ ਸਕੇ। ਪੋਸਟਮਾਰਟਮ ਕਰਨ ਲਈ ਇੱਕ ਮੈਡੀਕਲ ਬੋਰਡ ਦਾ ਗਠਨ ਕੀਤਾ ਗਿਆ ਹੈ, ਜੋ ਇਹ ਯਕੀਨੀ ਬਣਾਏਗਾ ਕਿ ਸਾਰੀਆਂ ਮੈਡੀਕਲ-ਕਾਨੂੰਨੀ ਪ੍ਰਕਿਰਿਆਵਾਂ ਦੀ ਪਾਲਣਾ ਕੀਤੀ ਜਾਵੇ। ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਫੌਰੈਂਸਿਕ ਮਾਹਰਾਂ ਅਤੇ ਪੁਲਿਸ ਟੀਮਾਂ ਵੱਲੋਂ ਵੀ ਆਪਣੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਘਟਨਾ ਦੀ ਪਾਰਦਰਸ਼ੀ ਅਤੇ ਵਿਆਪਕ ਜਾਂਚ ਦਾ ਭਰੋਸਾ ਦਿੱਤਾ ਹੈ।